# ਪੰਜਾਬ ਓਪਨ ਸਕੂਲ

# ਅਗਵਾਈ ਪੁਸਤਕ

(ਅਧਿਐਨ ਕੇਂਦਰਾਂ ਲਈ ਅਗਵਾਈ ਲੀਹਾਂ
ਅਤੇ ਹਦਾਇਤਾਂ)


## ਪੰਜਾਬ ਸਕੂਲ ਸਿੱਖਿਆ ਬੋਰਡ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 160062**

© ਪੰਜਾਬ ਸਕੂਲ ਸਿੱਖਿਆ ਬੋਰਡ

**ਵੈੱਬ ਸਾਈਟ :** www.pseb.ac.in

**ਟੈਲੀਫੋਨ ਨੰ :** 0172-3047382, 3047385, 3047386, 3070856

**ਫੈਕਸ ਨੰ. :** 0172-3047119, 0172-2210068

**ਈ-ਮੇਲ :** punjabopenschool@gmail.com

ਦਾਖਲਾ ਸਾਲ : 2012-2013.........1,500 ਕਾਪੀਆਂ

## ਪੈਟਰਨ

**ਡਾ: ਦਲਬੀਰ ਸਿੰਘ ਢਿਲੋਂ**

**ਚੇਅਰਮੈਨ**

ਪੰਜਾਬ ਸਕੂਲ ਸਿੱਖਿਆ ਬੋਰਡ

## ਮੁੱਖ ਸੰਪਾਦਕ

**ਓਮ ਪ੍ਰਕਾਸ਼ ਸੋਨੀ**

ਸੰਯੁਕਤ ਸਕੱਤਰ

## ਸੰਪਾਦਕ

**ਪਰਮਜੀਤ ਕੌਰ**

ਉਪ ਡਾਇਰੈਕਟਰ (ਪੰਜਾਬ ਓਪਨ ਸਕੂਲ)

## ਉਪ ਸੰਪਾਦਕ

**ਰਵਿੰਦਰ ਕੌਰ ਬਨਵੈਤ**

ਪ੍ਰੋਜੈਕਟ ਅਫਸਰ

(ਅਨੁਵਾਦ, ਮੁੜ ਪ੍ਰਕਾਸ਼ਨ, ਵਿਆਖਿਆ ਅਤੇ ਸੋਧ ਆਦਿ ਦੇ ਸਭ ਹੱਕ ਪੰਜਾਬ ਸਕੂਲ ਸਿੱਖਿਆ ਬੋਰਡ ਪਾਸ ਰਾਖਵੇਂ ਹਨ)

# ਸੰਦੇਸ਼



ਸਿੱਖਿਆ ਹੀ ਇੱਕ ਅਜਿਹਾ ਸ਼ਕਤੀਸ਼ਾਲੀ ਸਾਧਨ ਹੈ ਜਿਸ ਨਾਲ ਸਮਾਜ ਵਿੱਚ ਪਰਿਵਰਤਨ ਲਿਆਂਦਾ ਜਾ ਸਕਦਾ ਹੈ। ਸਰਵਵਿਆਪਕ ਸਿੱਖਿਆ ਦਾ ਟੀਚਾ ਸਾਡੇ ਅੱਗੇ ਬਹੁਤ ਵੱਡੀ ਚੁਣੌਤੀ ਹੈ। ਸੀਮਿਤ ਸੁਵਿਧਾਵਾਂ ਹੋਣ ਕਾਰਨ ਇਸ ਟੀਚੇ ਨੂੰ ਰਸਮੀ ਸਿੱਖਿਆ ਨਾਲ ਪੂਰਾ ਨਹੀਂ ਕੀਤਾ ਜਾ ਸਕਦਾ । ਰਾਸ਼ਟਰੀ ਸਿੱਖਿਆ ਨੀਤੀ ਅਧੀਨ ਉਲੀਕੇ ਉਦੇਸ਼ ਦੀ ਪੂਰਤੀ ਲਈ ਪੰਜਾਬ ਰਾਜ ਵਿਚ ਰਸਮੀ ਸਿੱਖਿਆ ਪ੍ਰਣਾਲੀ ਦੇ ਨਾਲ ਨਾਲ ਗੈਰ-ਰਸਮੀ ਸਿੱਖਿਆ ਪ੍ਰਣਾਲੀ ਵਜੋਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ 'ਪੰਜਾਬ ਓਪਨ ਸਕੂਲ' ਸਿੱਖਿਆ ਪ੍ਰਣਾਲੀ ਅਧੀਨ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਸਿੱਖਿਆ ਪ੍ਰਣਾਲੀ ਰਾਹੀਂ ਰਸਮੀ ਸਿੱਖਿਆ ਤੋਂ ਟੁੱਟ ਚੁੱਕੇ ਵਿਦਿਆਰਥੀਆਂ, ਨੌਕਰੀ ਪੇਸ਼ਾ ਲੋਕਾਂ ਜਿਹਨਾਂ ਨੂੰ ਮਜਬੂਰਨ ਪੜ੍ਹਾਈ ਬੰਦ ਕਰਨੀ ਪਈ ਹੋਵੇ, ਘਰਾਂ ਵਿੱਚ ਕੰਮ ਕਰਦੀਆਂ ਗ੍ਰਹਿਣੀਆਂ, ਫੌਜੀ ਅਤੇ ਨੀਮ ਫੌਜੀ ਬਲਾਂ ਦੇ ਜਵਾਨ, ਅਨੁਸੂਚਿਤ ਤੇ ਪਛੜੀਆਂ ਜਾਤੀਆਂ, ਦੂਰ-ਦੁਰਾਡੇ ਰਹਿੰਦੇ ਲੋਕਾਂ ਅਤੇ ਉਹ ਲੋਕ ਜੋ ਸਮਾਜਿਕ ਅਤੇ ਆਰਥਿਕ ਔਕੜਾਂ ਕਾਰਨ ਸਿੱਖਿਆ ਪ੍ਰਾਪਤ ਨਹੀਂ ਕਰ ਸਕੇ, ਨੂੰ ਮੁੜ ਸਿੱਖਿਆ ਜਗਤ ਨਾਲ ਜੋੜਿਆ ਜਾ ਸਕਦਾ ਹੈ ।

ਵਿਦਿਆਰਥੀਆਂ ਦਾ ਮਾਨਸਿਕ ਤਣਾਅ, ਅਤੇ ਪੜ੍ਹਾਈ ਦਾ ਬੋਝ ਘਟਾਉਣ ਅਤੇ ਸਿੱਖਿਆ ਦੇ ਮਿਆਰ ਵਿਚ ਸੁਧਾਰ ਲਿਆਉਣ ਹਿਤ ਬੋਰਡ ਹਮੇਸ਼ਾ ਹੀ ਯਤਨਸ਼ੀਲ ਰਿਹਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਰਸਮੀ ਸਿੱਖਿਆ ਪ੍ਰਣਾਲੀ ਅਧੀਨ ਬੋਰਡ ਦੀ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਗਈ। 'ਪੰਜਾਬ ਓਪਨ ਸਕੂਲ' ਸਿੱਖਿਆ ਪ੍ਰਣਾਲੀ ਨੂੰ ਬਰਾਬਰ ਦੀ ਮਹੱਤਤਾ ਦੇਣ ਦੇ ਮਕਸਦ ਨਾਲ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਵੀ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਗਈ ਹੈ ਤਾਂ ਜੋ ਵੰਡ ਕੇ ਪੜ੍ਹਾਈ ਕਰਨ ਨਾਲ ਵਿਦਿਆਰਥੀਆਂ ਤੇ ਪੜ੍ਹਾਈ ਦਾ ਬੋਝ ਘਟ ਸਕੇ ਅਤੇ ਉਹ ਪੜ੍ਹਾਈ ਨਾਲ ਜੁੜੇ ਰਹਿ ਸਕਣ।

ਓਪਨ ਸਕੂਲ ਸਿੱਖਿਆ ਪ੍ਰਣਾਲੀ ਸਵੈ-ਅਧਿਐਨ ਤੇ ਜ਼ੋਰ ਦਿੰਦੀ ਹੈ ਲੇਕਿਨ ਮੁਸ਼ਕਲ ਸਮੇਂ ਅਧਿਆਪਕ ਇੱਕ ਭਰੋਸੇਯੋਗ ਸਲਾਹਕਾਰ ਵਜੋਂ ਕੰਮ ਕਰਦਾ ਹੈ ਜੋ ਵਿਦਿਆਰਥੀਆਂ ਦੇ ਨਿਯਮਬੱਧ ਸਮੇਂ ਤੇ ਸਕੂਲ ਜਾਣ ਤੋਂ ਬਗੈਰ ਹੀ ਇਹ ਸਪਸ਼ਟ ਕਰਦਾ ਹੈ ਕਿ ਪੜ੍ਹਾਈ 'ਕਿਵੇਂ', 'ਕਿੱਥੇ' ਅਤੇ 'ਕਿਸ' ਤੋਂ ਕਰਨੀ ਹੈ। ਇਸ ਮੰਤਵ ਦੀ ਪੂਰਤੀ ਲਈ ਹੀ ਸਕੂਲਾਂ ਦੀ ਐਕਰੀਡਿਟੇਸ਼ਨ ਕਰਕੇ 'ਪੰਜਾਬ ਓਪਨ ਸਕੂਲ' ਦੇ ਵਿਦਿਆਰਥੀਆਂ ਲਈ ਅਧਿਐਨ ਕੇਂਦਰ ਸਥਾਪਿਤ ਕੀਤੇ ਜਾਂਦੇ ਹਨ ਜਿੱਥੇ ਵਿਦਿਆਰਥੀਆਂ ਦੀ ਸਹੂਲਤ ਲਈ ਵਿਅਕਤੀਗਤ ਸੰਪਰਕ ਪ੍ਰੋਗਰਾਮ ਲਗਾ ਕੇ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ।

ਮੈਂ ਆਸ ਕਰਦਾ ਹਾਂ ਕਿ ਓਪਨ ਸਕੂਲ ਸਿੱਖਿਆ ਪ੍ਰਣਾਲੀ ਸਾਖਰਤਾ ਦੇ ਟੀਚੇ ਨੂੰ ਪੂਰਾ ਕਰਨ ਲਈ ਇੱਕ ਅਜਿਹਾ ਉਪਰਾਲਾ ਹੋਵੇਗਾ ਜੋ ਪੜ੍ਹਾਈ ਤੋਂ ਟੁੱਟ ਚੁੱਕੇ ਵਿਦਿਆਰਥੀਆਂ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰੇਗਾ ਅਤੇ ਜੀਵਨ ਜਾਂਚ ਸਿਖਾ ਕੇ ਸਫਲ ਵਿਅਕਤੀ ਬਣ ਸਕਣ ਲਈ ਨਵਾਂ ਰਾਹ ਦਿਖਾਏਗਾ। ਇਸ ਸਿੱਖਿਆ ਪ੍ਰਣਾਲੀ ਵਿਚ ਹੋਰ ਸੁਧਾਰ ਲਿਆਉਣ ਹਿਤ ਖੇਤਰ ਤੋਂ ਆਏ ਸੁਝਾਵਾਂ ਦਾ ਬੋਰਡ ਵਲੋਂ ਸਤਿਕਾਰ ਕੀਤਾ ਜਾਵੇਗਾ।

(ਡਾ. ਦਲਬੀਰ ਸਿੰਘ ਢਿਲੋਂ)

ਚੇਅਰਮੈਨ

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

# ਅਧਿਐਨ ਕੇਂਦਰਾਂ ਦੇ ਮੁਖੀਆਂ ਲਈ

ਸਿੱਖਿਆ ਗ੍ਰਹਿਣ ਕਰਨ ਦਾ ਅਰਥ ਕੇਵਲ ਸਰਟੀਫਿਕੇਟ ਪ੍ਰਾਪਤ ਕਰਨਾ ਹੀ ਨਹੀਂ ਸਗੋਂ ਵਿਦਵਤਾ ਗ੍ਰਹਿਣ ਕਰਨਾ ਹੈ। ਵਿਦਿਆਰਥੀਆਂ ਨੂੰ ਇਸ ਦੇ ਅਰਥ ਸਮਝਾਉਣ ਲਈ ਆਪ ਜੀ ਦੇ ਸਕੂਲ ਨੂੰ ਪੰਜਾਬ ਓਪਨ ਸਕੂਲ ਸਿੱਖਿਆ ਪ੍ਰਣਾਲੀ ਅਧੀਨ ਅਧਿਐਨ ਕੇਂਦਰ ਸਥਾਪਿਤ ਕਰਨ ਵਜੋਂ ਚੁਣਿਆ ਗਿਆ ਹੈ। ਦੇਸ਼ ਦੀ ਸਾਖਰਤਾ ਦੇ ਟੀਚੇ ਨੰ ਪੂਰਾ ਕਰਨ ਲਈ ਪੰਜਾਬ ਓਪਨ ਸਕੂਲ ਬਦਲਵੀਂ ਸਿੱਖਿਆ ਪ੍ਰਣਾਲੀ ਵਜੋਂ ਲਾਗੂ ਕੀਤਾ ਹੋਇਆ ਹੈ। ਪੰਜਾਬ ਓਪਨ ਸਕੂਲ ਸਿੱਖਿਆ ਪ੍ਰਣਾਲੀ ਰਾਹੀਂ ਵਿੱਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਅਧਿਐਨ ਕੇਂਦਰਾਂ ਦੁਆਰਾ ਸਹੀ ਦਿਸ਼ਾ ਨਿਰਦੇਸ਼ ਦੇ ਕੇ ਸਰਵ-ਵਿਆਪਕ ਸਿੱਖਿਆ ਲਈ ਵੱਡਾ ਯੋਗਦਾਨ ਪਾਇਆ ਜਾ ਸਕਦਾ ਹੈ। ਵਿਦਿਆਰਥੀਆਂ ਦੀ ਪਾਤਰਤਾ, ਜਨਮ ਮਿਤੀ, ਰਿਹਾਇਸ਼ ਆਦਿ ਦੇ ਵੇਰਵੇ ਚੈੱਕ ਕਰਨ ਉਪਰੰਤ ਵਿਦਿਆਰਥੀ ਦਾਖਲ ਕਰਕੇ ਉਨ੍ਹਾਂ ਦੇ ਦਾਖਲਾ ਫਾਰਮ (ਸਮੇਤ ਸਹੀ ਫ਼ੀਸ ਨਾਲ) ਨਿਰਧਾਰਿਤ ਮਿਤੀਆਂ ਤੱਕ ਬੋਰਡ ਦੇ ਦਫ਼ਤਰ ਜਮ੍ਹਾਂ ਕਰਵਾਏ ਜਾਣ ਤਾਂ ਜੋ ਬੋਰਡ ਨੂੰ ਸਹੀ ਸਮੇਂ ਤੇ ਵਿਦਿਆਰਥੀਆਂ ਦੀ ਗਿਣਤੀ ਦਾ ਅੰਦਾਜ਼ਾ ਹੋ ਸਕੇ ਅਤੇ ਸਹੀ ਪਾਠ-ਸਮੱਗਰੀ ਮੁਹੱਈਆ ਕਰਵਾਈ ਜਾ ਸਕੇ। ਓਪਨ ਸਿੱਖਿਆ ਪ੍ਰਣਾਲੀ ਸਵੈ-ਅਧਿਐਨ ਤੇ ਜ਼ੋਰ ਦਿੰਦੀ ਹੈ, ਇਸ ਲਈ ਪਾਠ-ਸਮੱਗਰੀ ਸਮੇਂ ਸਿਰ ਉਪਲਬਧ ਹੋਣੀ ਜ਼ਰੂਰੀ ਹੈ। ਵਿਦਿਆਰਥੀਆਂ ਨੂੰ ਸਵੈ-ਅਧਿਐਨ ਦੌਰਾਨ ਆਈਆਂ ਮੁਸ਼ਕਲਾਂ ਨੂੰ ਵਿਅਕਤੀਗਤ ਸੰਪਰਕ ਪ੍ਰੋਗਰਾਮ ਸਮੇਂ ਹੱਲ ਕਰਕੇ ਪਰੀਖਿਆਵਾਂ ਲਈ ਤਿਆਰ ਕੀਤਾ ਜਾਣਾ ਹੈ।

ਆਸ ਕੀਤੀ ਜਾਂਦੀ ਹੈ ਕਿ ਰਸਮੀ ਸਿੱਖਿਆ ਪ੍ਰਣਾਲੀ ਤੋਂ ਟੁੱਟ ਚੁੱਕੇ ਵਿਦਿਅਰਥੀਆਂ ਨੂੰ ਮੁੜ ਸਿੱਖਿਆ ਜਗਤ ਨਾਲ ਜੋੜਨਾ ਰਾਸ਼ਟਰੀ ਸਿੱਖਿਆ ਨੀਤੀ ਅਧੀਨ ਮਿਥੇ ਸਾਖਰਤਾ ਸਬੰਧੀ ਸੰਕਲਪ ਲਈ ਵੱਡਾ ਯੋਗਦਾਨ ਹੋਵੇਗਾ। ਓਪਨ ਸਕੂਲ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਲਿਆਉਣ ਹਿੱਤ ਖੇਤਰ ਵਿੱਚੋਂ ਪ੍ਰਾਪਤ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

ਸੰਯੁਕਤ ਸਕੱਤਰ

(ਓਪਨ ਸਕੂਲ)

# ਅਧਿਐਨ ਕੇਂਦਰਾਂ ਲਈ

## ਅਗਵਾਈ ਲੀਹਾਂ ਅਤੇ ਹਦਾਇਤਾਂ

ਓਪਨ ਸਕੂਲ ਸਿੱਖਿਆ ਪ੍ਰਣਾਲੀ ਅੰਤਰ ਰਾਸ਼ਟਰੀ ਪੱਧਰ ਤੇ ਪ੍ਰਮਾਣਿਤ ਹੈ ਅਤੇ ਇਸ ਨੂੰ ਵਿੱਦਿਆ ਦੇ ਪ੍ਰਸਾਰ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪੰਜਾਬ ਰਾਜ ਦੇ ਵਿਦਿਆਰਥੀਆਂ ਦੇ ਅਕਾਦਮਿਕ ਵਿਕਾਸ ਹਿੱਤ ਰਸਮੀ ਸਿੱਖਿਆ ਪ੍ਰਣਾਲੀ ਦੇ ਸਮਾਨ-ਅੰਤਰ ਅਪਣਾਇਆ ਗਿਆ ਹੈ। ਪਿਛਲੇ ਸਾਲਾਂ ਦੇ ਹੇਠ ਦਿੱਤੇ ਅੰਕੜਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਸਕੀਮ ਵਿਦਿਆਰਥੀਆਂ ਅਤੇ ਅਧਿਐਨ ਕੇਦਰਾਂ ਵਿੱਚ ਹਰਮਨ ਪਿਆਰੀ ਹੋ ਰਹੀ ਹੈ ਅਤੇ ਇਹ ਪ੍ਰਣਾਲੀ ਰਾਜ ਦੇ ਵਿਦਿਅਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ।

**ਪੰਜਾਬ ਓਪਨ ਸਕੂਲ ਲਈ ਅਧਿਐਨ ਕੇਂਦਰ ਅਤੇ ਵਿਦਿਆਰਥੀਆਂ ਦੀ ਗਿਣਤੀ**

| ਲੜੀ ਨੰ. | ਅਕਾਦਮਿਕ ਸਾਲ | ਮੈਟ੍ਰਿਕ | | ਬਾਰ੍ਹਵੀਂ | |
|---|---|---|---|---|---|
| | | ਵਿਦਿਆਰਥੀ | ਅਧਿਐਨ ਕੇਂਦਰ | ਵਿਦਿਆਰਥੀ | ਅਧਿਐਨ ਕੇਂਦਰ |
| 1. | 2006-07 | 46000 | 500 | 11000 | 225 |
| 2. | 2007-08 | 59480 | 525 | 18723 | 175 |
| 3. | 2008-09 | 59458 | 592 | 21049 | 359 |
| 4. | 2009-10 | 61651 | 604 | 21573 | 356 |
| 5. | 2010-11 | 29797 | 542 | 20640 | 326 |
| 6. | 2011-12 | 38890 | 500 | 36900 | 403 |

## 1. ਅਧਿਐਨ ਕੇਂਦਰਾਂ ਦੀ ਸਥਾਪਨਾ

1.1 ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਸਰਕਾਰੀ/ਪ੍ਰਾਈਵੇਟ-ਏਡਿਡ/ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ ਅਤੇ ਬੋਰਡ ਦੇ ਆਦਰਸ਼ ਸਕੂਲਾਂ ਨੂੰ ਹੀ ਓਪਨ ਸਕੂਲ ਦੇ ਅਧਿਐਨ ਕੇਂਦਰ ਵਜੋਂ ਐਕਰੀਡਿਟੇਸ਼ਨ (ਮਾਨਤਾ) ਦਿੱਤੀ ਜਾਂਦੀ ਹੈ। ਇਹ ਐਕਰੀਡਿਟੇਸ਼ਨ ਉਸੇ ਪੱਧਰ/ਗਰੁੱਪ ਲਈ ਦਿੱਤੀ ਜਾਂਦੀ ਹੈ, ਜਿਸ ਪੱਧਰ ਤੱਕ ਸੰਸਥਾ ਨੂੰ ਬੋਰਡ ਦੀ ਐਫੀਲੀਏਸ਼ਨ ਪ੍ਰਾਪਤ ਹੁੰਦੀ ਹੈ। ਪਰ ਸੈਸ਼ਨ 1997-1998 ਜਾਂ ਉਸ ਤੋਂ ਪਹਿਲਾਂ ਅੱਠਵੀਂ ਜਮਾਤ ਲਈ ਐਫੀਲੀਏਟਿਡ ਸਕੂਲਾਂ ਵਿੱਚ ਦਸਵੀਂ ਜਮਾਤ ਲਈ ਅਤੇ ਦਸਵੀਂ ਸ਼੍ਰੇਣੀ ਤੱਕ ਐਫੀਲੀਏਟਿਡ ਸਕੂਲਾਂ ਵਿੱਚ ਬਾਰ੍ਹਵੀਂ ਜਮਾਤ ਲਈ ਅਧਿਐਨ ਕੇਂਦਰ ਸਥਾਪਿਤ ਕਰਨ ਦਾ ਵੀ ਉਪਬੰਧ ਕੀਤਾ ਗਿਆ ਹੈ।

1.2 ਜੋ ਸਕੂਲ ਪਹਿਲਾਂ ਅਧਿਐਨ ਕੇਂਦਰ ਵਜੋਂ ਐਕਰੀਡਿਟਿਡ ਹੈ ਉਸ ਨੂੰ ਆਉਣ ਵਾਲੇ ਸੈਸ਼ਨ ਲਈ 1000 ਰੁਪਏ ਦੀ ਕੰਟੀਨਿਊਏਸ਼ਨ ਫੀਸ ਜਮ੍ਹਾਂ ਕਰਵਾਉਣ ਤੇ ਆਰਜ਼ੀ ਤੌਰ ਤੇ ਐਕਰੀਡਿਟੇਸ਼ਨ ਦਿੱਤੀ ਜਾਵੇਗੀ ਬਸ਼ਰਤੇ ਉਹ ਦਸਵੀਂ ਸ਼੍ਰੇਣੀ ਲਈ ਘੱਟੋ ਘੱਟ 25 ਅਤੇ ਵੱਧ ਤੋਂ ਵੱਧ 200 ਅਤੇ ਇਸ ਤਰ੍ਹਾਂ ਬਾਰ੍ਹਵੀਂ ਸ਼੍ਰੇਣੀ ਦੇ ਹਿਊਮੈਨੀਟੀਜ਼ ਗਰੁੱਪ ਦੇ ਲਈ ਘੱਟੋ ਘੱਟ 20 ਅਤੇ ਕਾਮਰਸ ਗਰੁੱਪ ਲਈ ਘੱਟੋ ਘੱਟ 10

ਵਿਦਿਆਰਥੀ ਦਾਖਲ ਕਰੇ। ਜਿਨ੍ਹਾਂ ਸਕੂਲਾਂ ਨੂੰ ਪੰਜਾਬ ਓਪਨ ਸਕੂਲ ਦੇ ਅਧਿਐਨ ਕੇਂਦਰ ਵਜੋਂ ਐਕਰੀਡਿਟੇਸ਼ਨ ਦਿੱਤੀ ਗਈ ਹੈ, ਉਹਨਾਂ ਦੀ ਸੂਚੀ ਸੰਬੰਧਿਤ ਪ੍ਰਾਸਪੈਕਟਸ ਵਿੱਚ ਦਰਜ ਕਰ ਦਿੱਤੀ ਗਈ ਹੈ। ਇਹ ਸੂਚੀ ਬੋਰਡ ਦੀ ਵੈੱਬਸਾਈਟ www.pseb.ac.in ਤੋਂ ਵੀ ਉਪਲਬਧ ਕਰਵਾਈ ਜਾਵੇਗੀ। ਬਿਨਾਂ ਲੇਟ ਫੀਸ ਨਾਲ, ਨਿਰਧਾਰਤ ਮਿਤੀ ਤੱਕ ਪ੍ਰਾਪਤ ਕੀਤੇ ਗਏ ਫਾਰਮਾਂ ਵਾਲੇ ਅਧਿਐਨ ਕੇਂਦਰਾਂ ਦੀ ਸੂਚੀ ਹੀ ਪ੍ਰਾਸਪੈਕਟਸ ਵਿਚ ਦਰਜ ਕੀਤੀ ਜਾਵੇਗੀ। ਉਪਰੰਤ ਸੂਚੀ ਕੇਵਲ ਵੈੱਬਸਾਈਟ ਤੇ ਹੀ ਪਾਈ ਜਾਵੇਗੀ। ਜੇਕਰ ਕਿਸੇ ਅਧਿਐਨ ਕੇਂਦਰ ਵਿੱਚ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਹਿਊਮੈਨੀਟੀਜ਼ ਗਰੁੱਪ ਵਿੱਚ ਦਾਖਲ ਹੋਏ ਵਿਦਿਆਰਥੀਆਂ ਦੀ ਗਿਣਤੀ ਕ੍ਰਮਵਾਰ 25-20 ਅਤੇ ਬਾਰ੍ਹਵੀਂ ਸ਼੍ਰੇਣੀ ਦੇ ਕਾਮਰਸ ਗਰੁੱਪ ਵਿੱਚ 10 ਤੋਂ ਘੱਟ ਹੈ ਤਾਂ ਉਹ ਅਧਿਐਨ ਕੇਂਦਰ ਦੀ ਐਕਰੀਡਿਟੇਸ਼ਨ ਬਿਨਾ ਸੂਚਨਾ ਰੱਦ ਸਮਝੀ ਜਾਵੇਗੀ। ਇਸ ਲਈ ਅਧਿਐਨ ਕੇਂਦਰਾਂ ਲਈ ਉਚਿਤ ਹੋਵੇਗਾ ਕਿ ਦਾਖਲ ਕੀਤੇ ਗਏ ਵਿਦਿਆਰਥੀਆਂ ਨੂੰ ਕਿਸੇ ਨੇੜੇ ਦੇ ਅਧਿਐਨ ਕੇਂਦਰ ਵਿੱਚ ਸ਼ਿਫਟ ਕਰ ਦਿੱਤਾ ਜਾਵੇ।

ਅਕਾਦਮਿਕ ਸਾਲ 2011-12 ਤੋਂ ਬਾਰ੍ਹਵੀਂ ਸ਼੍ਰੇਣੀ ਦੇ ਸਾਇੰਸ ਗਰੁਪ ਦੇ ਵਿਦਿਆਰਥੀਆਂ ਨੂੰ ਵੀ ਪੰਜਾਬ ਓਪਨ ਸਕੂਲ ਰਾਹੀਂ ਪ੍ਰੀਖਿਆ ਦੇਣ ਦੀ ਖੁਲ੍ਹ ਦਿੱਤੀ ਗਈ ਹੈ।

ਵਿਦਿਆਰਥੀ ਨੂੰ ਉਸੇ ਤਹਿਸੀਲ ਵਿੱਚ ਸਥਿਤ ਅਧਿਐਨ ਕੇਂਦਰ ਵਿੱਚ ਦਾਖਲਾ ਦਿੱਤਾ ਜਾਵੇਗਾ ਜਿਸ ਤਹਿਸੀਲ ਦਾ ਉਹ ਵਸਨੀਕ ਹੈ। ਜੇਕਰ ਕਿਸੇ ਵਿਦਿਆਰਥੀ ਦੇ ਨਿਵਾਸ ਸਥਾਨ ਤੋਂ ਉਸ ਦੀ ਤਹਿਸੀਲ ਵਿੱਚ ਸਥਿਤ ਅਧਿਐਨ ਕੇਂਦਰ 15 ਕਿ.ਮੀ. (ਸੜਕ ਰਸਤੇ) ਤੋਂ ਦੂਰ ਹੈ ਅਤੇ ਨੇੜੇ ਦੀ ਕਿਸੇ ਤਹਿਸੀਲ ਵਿੱਚ ਸਥਿਤ ਅਧਿਐਨ ਕੇਂਦਰ 15 ਕਿ.ਮੀ. ਤੋਂ ਨੇੜੇ ਹੈ ਜਾਂ ਉਸ ਤਹਿਸੀਲ ਵਿੱਚ ਕੋਰਸ ਦੀ ਜ਼ਰੂਰਤ ਅਨੁਸਾਰ ਅਧਿਐਨ ਕੇਂਦਰ ਨਹੀਂ ਹੈ ਤਾਂ ਵਿਦਿਆਰਥੀ ਬਾਹਰਲੀ ਤਹਿਸੀਲ ਵਿੱਚ ਦਾਖਲਾ ਲੈ ਸਕਦਾ ਹੈ। ਲੇਕਿਨ ਅਜਿਹੇ ਵਿਦਿਆਰਥੀ ਨੂੰ ਦੂਸਰੀ ਤਹਿਸੀਲ ਵਿੱਚ ਦਾਖਲਾ ਲੈਣ ਲਈ ਕਾਰਨ ਦਸਦੇ ਹੋਏ ਦਰਖ਼ਾਸਤ ਦੇਣੀ ਪਵੇਗੀ ਜਿਸ ਉਤੇ ਸੰਬੰਧਿਤ ਪਿੰਡ ਦੇ ਸਰਪੰਚ/ਨਗਰਪਾਲਿਕਾ ਦੇ ਕੌਂਸਲਰ ਆਦਿ ਦੇ ਬਤੌਰ ਗਵਾਹ ਹਸਤਾਖਰ ਹੋਣਗੇ। ਅਧਿਐਨ ਕੇਂਦਰ ਵਲੋਂ ਅਜਿਹੇ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਹੀ ਆਰਜ਼ੀ ਦਾਖਲਾ ਦਿੱਤਾ ਜਾਵੇਗਾ। ਜਿਸ ਦੀ ਪ੍ਰਵਾਨਗੀ ਅਧਿਐਨ ਕੇਂਦਰ ਮੁਖੀ ਦੁਆਰਾ ਬੋਰਡ ਦੇ ਸਮਰੱਥ ਅਧਿਕਾਰੀ ਪਾਸੋਂ ਲਈ ਜਾਵੇਗੀ। ਦਾਖਲਾ ਦੇਣ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ ਅਤੇ ਪੜਤਾਲ ਕਰਨ ਉਪਰੰਤ ਹੀ ਦਾਖਲਾ ਦਿੱਤਾ ਜਾਵੇ।

ਸਬੰਧਿਤ ਤਹਿਸੀਲ ਦੇ ਵਸਨੀਕ ਹੋਣ ਵਜੋਂ ਹੇਠ ਲਿਖੇ ਦਸਤਾਵੇਜ਼ ਮੰਨਣਯੋਗ ਹੋਣਗੇ :-

(ੳ) ਮਾਪਿਆਂ ਦਾ ਜਾਂ ਆਪਣਾ ਰਾਸ਼ਨ ਕਾਰਡ ਜੋ ਦਾਖਲੇ ਸਮੇਂ ਚਾਲੂ ਹਾਲਤ ਵਿੱਚ ਹੋਵੇ।

(ਅ) ਵਿਦਿਆਰਥੀ ਦਾ ਵੋਟਰ ਕਾਰਡ ਜਾਂ ਪਾਸਪੋਰਟ।

(ੲ) ਉਸ ਸਰਕਾਰੀ/ਅਰਧ ਸਰਕਾਰੀ ਅਦਾਰੇ ਦੁਆਰਾ ਜਾਰੀ ਸ਼ਨਾਖਤੀ ਕਾਰਡ ਜਾਂ ਸਮਰੱਥ ਅਧਿਕਾਰੀ ਦੁਆਰਾ ਜਾਰੀ ਸਰਟੀਫਿਕੇਟ ਜਿੱਥੇ ਵਿਦਿਆਰਥੀ ਨੌਕਰੀ ਕਰਦਾ ਹੋਏ।

(ਸ) ਮਾਪਿਆਂ ਦਾ ਜਾਂ ਆਪਣਾ ਪੱਕੇ ਪਤੇ ਦਾ ਹਲਫੀਆ ਬਿਆਨ ਪੱਕੇ ਕਾਗਜ਼ ਉੱਤੇ ਜੋ ਸੰਬੰਧਿਤ ਪਿੰਡ ਦੇ ਸਰਪੰਚ, ਨਗਰਪਾਲਿਕਾ ਜਾਂ ਨਗਰ ਦੇ ਕੌਂਸਲਰ ਆਦਿ ਦੁਆਰਾ ਤਸਦੀਕ ਸ਼ੁਦਾ ਹੋਵੇ।

(ਹ) ਕਿਸੇ ਸਰਕਾਰੀ/ਅਰਧ ਸਰਕਾਰੀ ਅਦਾਰੇ ਦੁਆਰਾ ਜਾਰੀ ਦਸਤਾਵੇਜ਼ ਜਿਸ ਉੱਤੇ ਵਿਦਿਆਰਥੀ ਦੇ ਮਾਪਿਆਂ/ਸਰਪਰੱਸਤ ਦਾ ਪਤਾ ਦਰਜ ਹੋਵੇ।

1.4 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਮੇਂ ਸਮੇਂ ਜਾਰੀ ਹਦਾਇਤਾਂ/ਸ਼ਰਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਜਾਂ ਗਲਤ ਬਿਆਨ ਕਰਨ ਵਿਚ ਸਕੂਲ ਨੂੰ ਅਧਿਐਨ ਕੇਂਦਰ ਵਲੋਂ ਮਿਲੀ ਐਕਰੀਡਿਟੇਸ਼ਨ ਕਿਸੇ ਵੀ ਸਮੇਂ ਬਿਨਾ ਨੋਟਿਸ ਦਿੱਤੇ ਰੱਦ ਕੀਤੀ ਜਾ ਸਕਦੀ ਹੈ।

## 2. ਅਧਿਐਨ ਕੇਂਦਰ ਦੇ ਕਾਰਜ

2.1 ਅਧਿਐਨ ਕੇਂਦਰ ਵੱਲੋਂ ਆਪਣੀ ਪੱਧਰ ਤੇ ਓਪਨ ਸਕੂਲ ਸਕੀਮ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਹਿੱਤ ਹਰ ਸੰਭਵ ਯਤਨ ਕੀਤਾ ਜਾਣਾ ਚਾਹੀਦਾ ਹੈ। ਇਸ ਮੰਤਵ ਲਈ ਸੈਮੀਨਾਰ, ਅਖਬਾਰਾਂ, ਟੀ.ਵੀ., ਜਨਤਕ ਸੰਚਾਰ ਸਾਧਨਾਂ ਅਤੇ ਹੋਰ ਸਮਾਜਿਕ ਵਿੱਦਿਅਕ ਸੰਸਥਾਵਾਂ ਦਾ ਸਹਿਯੋਗ ਲਿਆ ਜਾ ਸਕਦਾ ਹੈ।

2.2 ਪੰਜਾਬ ਓਪਨ ਸਕੂਲ ਵਿੱਚ ਦਾਖਲਾ ਲੈਣ ਲਈ ਪਾਤਰਤਾ, ਸ਼ਰਤਾਂ ਅਤੇ ਰਿਆਇਤਾਂ ਸੰਬੰਧੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ।

2.3 ਸੈਮੀਨਾਰ ਵਿੱਚ ਵਿਦਿਆਰਥੀ, ਮਾਪੇ, ਅਧਿਆਪਕ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਕਾਰਜ ਕਰਤਾਵਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

2.4 ਅਧਿਐਨ ਕੇਂਦਰ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਮੇਨ ਗੇਟ ਤੇ ਇਸ ਸੰਬੰਧੀ ਸੂਚਨਾ ਬੋਰਡ ਤੇ ਲਿਖ ਕੇ ਅੰਕਿਤ ਕਰੇ ਕਿ ਪੰਜਾਬ ਓਪਨ ਸਕੂਲ ਦੇ ਅਧਿਐਨ ਕੇਂਦਰ ਵਜੋਂ ਐਕਰੀਡਿਟੇਸ਼ਨ ਪ੍ਰਾਪਤ ਹੈ।

2.5 ਅਧਿਐਨ ਕੇਂਦਰ ਵਿਚ ਦਾਖਲ ਹੋਏ ਵਿਦਿਆਰਥੀ ਦੀ ਫ਼ੀਸ ਨਿਸ਼ਚਿਤ ਮਿਤੀ ਤਕ ਜ਼ਿਲ੍ਹਾ ਡਿਪੂ/ਮੁੱਖ ਦਫ਼ਤਰ ਵਿਖੇ ਅਤੇ ਦਾਖਲਾ ਫਾਰਮ ਨਿਸ਼ਚਿਤ ਮਿਤੀ ਤੱਕ ਬੋਰਡ ਦੀ ਓਪਨ ਸਕੂਲ ਸ਼ਾਖਾ ਵਿਖੇ ਹੀ ਜਮ੍ਹਾਂ ਕਰਵਾਉਣੀ।

2.6 ਬੋਰਡ ਵੱਲੋਂ ਨਿਸ਼ਚਿਤ ਮਿਤੀਆਂ ਅਨੁਸਾਰ ਟਾਈਮ ਟੇਬਲ ਬਣਾ ਕੇ ਸਮੇਂ ਸਿਰ ਵਿਅਕਤੀਗਤ ਸੰਪਰਕ ਪ੍ਰੋਗਰਾਮ ਆਯੋਜਿਤ ਕਰਨਾ।

2.7 ਵਿਅਕਤੀਗਤ ਸੰਪਰਕ ਪ੍ਰੋਗਰਾਮ ਲਗਾਉਣ ਤੋਂ ਪੰਦਰਾਂ ਦਿਨ ਪਹਿਲਾਂ ਟਾਈਮ ਟੇਬਲ ਦੀ ਕਾਪੀ ਅਤੇ ਪੀ.ਸੀ.ਪੀ. ਦੌਰਾਨ ਵਿਦਿਆਰਥੀਆਂ ਨੂੰ ਅਗਵਾਈ ਦੇਣ ਵਾਲੇ ਅਧਿਆਪਕਾਂ ਦੀ ਸੂਚੀ ਦਾਖਲੇ ਦੀ ਅੰਤਿਮ ਮਿਤੀ ਤੋਂ 25 ਦਿਨ ਦੇ ਅੰਦਰ ਓਪਨ ਸਕੂਲ ਸ਼ਾਖਾ ਨੂੰ ਭੇਜੀ ਜਾਵੇ।

2.8 ਵਿਅਕਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਆਂਤਰਿਕ ਟੈਸਟਾਂ ਦਾ ਆਯੋਜਨ ਕਰਨਾ ਅਤੇ ਵਿਦਿਆਰਥੀਆਂ ਦੀ ਪ੍ਰਾਪਤੀ ਦਾ ਯੋਗ ਰਿਕਾਰਡ ਰੱਖਣਾ।

2.9 ਆਂਤਰਿਕ ਮੁਲਅੰਕਣ ਪੱਤਰੀਆਂ ਦਾ ਮੁਲਅੰਕਣ ਕਰਨ ਉਪਰੰਤ ਵਿਦਿਆਰਥੀਆਂ ਨੂੰ ਅਗਵਾਈ ਲਈ ਟਿੱਪਣੀ ਦਿੰਦੇ ਹੋਏ ਉੱਤਰ ਪੱਤਰੀਆਂ ਵਾਪਸ ਕਰਨਾ।

2.10 ਦਾਖਲ ਹੋਏ ਵਿਦਿਆਰਥੀਆਂ ਨੂੰ ਲਾਇਬਰੇਰੀ/ਪ੍ਰਯੋਗਸ਼ਾਲਾ ਵਿੱਚ ਅਤੇ ਕੋਈ ਵੀ ਹੋਰ ਸਹਿਯੋਗ ਅਤੇ ਅਗਵਾਈ ਦੇਣਾ।

2.11 ਪ੍ਰਯੋਗੀ ਵਿਸ਼ਿਆਂ ਦੇ ਪ੍ਰਯੋਗ ਕਰਵਾਉਣਾ ਅਤੇ ਉਹਨਾਂ ਦੀਆਂ ਕਾਪੀਆਂ ਆਦਿ ਦੀ ਤਿਆਰੀ ਕਰਵਾਉਣਾ।

2.12 ਦਫ਼ਤਰ ਵੱਲੋਂ ਸਮੇਂ ਸਮੇਂ ਜਾਰੀ ਹਦਾਇਤਾਂ ਸੰਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਣਾ ਅਤੇ ਲੋੜੀਂਦੀ ਸੂਚਨਾ ਅਧਿਐਨ ਕੇਂਦਰ ਦੇ ਨੋਟਿਸ ਬੋਰਡ ਤੇ ਲਗਾਉਣਾ।

2.13 ਵਿਦਿਆਰਥੀਆਂ ਨੂੰ ਪਾਠ-ਸਮੱਗਰੀ, ਸ਼ਨਾਖਤੀ ਕਾਰਡ, ਪ੍ਰੀਖਿਆ ਲਈ ਰੋਲ ਨੰਬਰ, ਨਤੀਜਾ ਕਾਰਡ, ਸਰਟੀਫ਼ਿਕੇਟਾਂ ਆਦਿ ਦੀ ਵੰਡ ਕਰਨਾ ਅਤੇ ਰਿਕਾਰਡ ਰੱਖਣਾ।

2.14 ਬੋਰਡ ਵੱਲੋਂ ਦਿੱਤੇ ਗਏ ਸ਼ਡਿਊਲ ਅਨੁਸਾਰ ਪ੍ਰੀਖਿਆ ਫਾਰਮ ਅਤੇ ਫ਼ੀਸ ਜਮ੍ਹਾਂ ਕਰਵਾਉਣੀ।

## 3. ਦਾਖਲੇ ਸੰਬੰਧੀ ਹਦਾਇਤਾਂ

3.1 ਦਾਖਲਾ ਫਾਰਮ ਵਿਦਿਆਰਥੀਆਂ ਦੁਆਰਾ ਭਰਨ ਉਪਰੰਤ ਇਸ ਦੀਆਂ ਦੋ ਫੋਟੋ ਕਾਪੀਆਂ ਕਰਵਾਈਆਂ ਜਾਣ। ਇਹਨਾਂ ਤਿੰਨਾਂ ਪਰਤਾਂ ਤੇ ਵਿਦਿਆਰਥੀਆਂ ਦੇ ਹਸਤਾਖਰ ਬਾਅਦ ਵਿੱਚ ਕਰਵਾਏ ਜਾਣ। ਅਸਲ ਦਾਖਲਾ ਫਾਰਮ ਅਤੇ ਇਸ ਦੀਆਂ ਫੋਟੋ ਕਾਪੀਆਂ ਉੱਤੇ ਵਿਦਿਆਰਥੀ ਦੀਆਂ ਤਿੰਨ ਫੋਟੋਆਂ ਅਸਲੀ ਹੀ ਲਗਾਈਆਂ ਜਾਣ। ਇਹਨਾਂ ਵਿੱਚੋਂ ਇੱਕ ਪਰਤ ਅਧਿਐਨ ਕੇਂਦਰ ਆਪਣੇ ਕੋਲ ਅਤੇ ਦੋ (ਅਸਲ ਦਾਖਲਾ ਫਾਰਮ ਅਤੇ ਇਸ ਦੀ ਇੱਕ ਪਰਤ) ਪਰਤਾਂ ਬੋਰਡ ਦੀ ਓਪਨ ਸਕੂਲ ਸ਼ਾਖਾ ਨੂੰ ਭੇਜੇਗਾ। **ਦਾਖਲਾ ਫਾਰਮ ਭੇਜਣ ਤੋਂ ਪਹਿਲਾਂ ਇਹ ਤਸੱਲੀ ਕਰ ਲਈ ਜਾਵੇ ਕਿ ਪ੍ਰਾਸਪੈਕਟਸ ਵਿੱਚ ਦਰਜ ਨਿਯਮਾਂ ਅਨੁਸਾਰ ਹੀ ਵਿਦਿਆਰਥੀ ਨੂੰ ਦਾਖਲ ਕੀਤਾ ਗਿਆ ਹੈ।**

3.2 ਦਾਖਲਾ ਫਾਰਮ ਤੇ ਹਸਤਾਖਰ ਅਧਿਐਨ ਕੇਂਦਰ ਮੁਖੀ ਦੇ ਸਾਹਮਣੇ ਕੀਤੇ ਜਾਣੇ ਜ਼ਰੂਰੀ ਹਨ।

3.3 ਵਿਦਿਆਰਥੀ ਨੂੰ ਸਿਰਫ ਉਸ ਦੇ ਮਾਪਿਆਂ/ਸਰਪ੍ਰਸਤਾਂ ਰਾਹੀਂ ਹੀ ਦਾਖਲਾ ਦਿੱਤਾ ਜਾਵੇ ਅਤੇ ਫਾਰਮ ਉੱਤੇ ਉਹਨਾਂ ਦੇ ਹਸਤਾਖਰ ਵੀ ਕਰਵਾਏ ਜਾਣ।

3.4 ਅਧੂਰਾ ਭਰਿਆ ਫਾਰਮ ਬੋਰਡ ਦਫ਼ਤਰ ਵਿਖੇ ਬਿਲਕੁਲ ਨਾ ਭੇਜਿਆ ਜਾਵੇ।

3.5 ਦਾਖਲਾ ਫ਼ਾਰਮ ਵਿੱਚ ਦਰਜ ਸੂਚਨਾ ਅਧਿਐਨ ਕੇਂਦਰ ਵੱਲੋਂ ਪੂਰੀ ਤਰ੍ਹਾਂ ਤਸਦੀਕ ਕੀਤੀ ਜਾਣੀ ਜ਼ਰੂਰੀ ਹੈ।

3.6 ਓਪਨ ਸਕੂਲ ਦੇ ਵਿਦਿਆਰਥੀਆਂ ਲਈ ਵੱਖਰੇ ਤੌਰ ਤੇ ਦਾਖਲਾ ਖਾਰਜ ਰਜਿਸਟਰ ਤਿਆਰ ਕੀਤਾ ਜਾਵੇ। ਇਸ ਵਿੱਚ ਵਿਦਿਆਰਥੀ ਦੇ ਪੂਰੇ ਵੇਰਵੇ ਦਰਜ ਹੋਣ। ਹਰ ਸਾਲ ਨਵੇਂ ਦਾਖਲ ਕੀਤੇ ਵਿਦਿਆਰਥੀਆਂ ਦਾ ਇੰਦਰਾਜ਼ ਪਿਛਲੇ ਸਾਲ ਦਾਖਲ ਵਿਦਿਆਰਥੀਆਂ ਦੀ ਲਗਾਤਾਰਤਾ ਵਿੱਚ ਕੀਤਾ ਜਾਵੇ। ਇਹ ਰਿਕਾਰਡ ਕਿਸੇ ਵੀ ਸਮੇਂ ਦਫਤਰ ਵੱਲੋਂ ਵੇਖਿਆ ਜਾ ਸਕਦਾ ਹੈ।

3.7 ਦਾਖਲਾ ਕਰਦੇ ਸਮੇਂ ਪ੍ਰਾਸਪੈਕਟਸ ਵਿੱਚ ਲੱਗੀ ਦਾਖਲਾ/ਰਜਿਸਟਰੇਸ਼ਨ ਆਦਿ ਫੀਸ ਸੰਬੰਧੀ ਰਸੀਦ ਦਾਖਲੇ ਉਪਰੰਤ ਵਿਦਿਆਰਥੀ ਨੂੰ ਬਕਾਇਦਾ ਦਿੱਤੀ ਜਾਵੇ ਅਤੇ ਇਸ ਦੀ ਇੱਕ ਕਾਪੀ ਆਪਣੇ ਰਿਕਾਰਡ ਵਿੱਚ ਰੱਖੀ ਜਾਵੇ।

3.8 ਸ਼ਨਾਖਤੀ ਕਾਰਡ ਅਧਿਐਨ ਕੇਂਦਰ ਦੇ ਮੁਖੀ ਵੱਲੋਂ ਤਸਦੀਕ ਕਰਕੇ ਵਿਦਿਆਰਥੀ ਨੂੰ ਦਿੱਤਾ ਜਾਵੇ ਤਾਂ ਜੋ ਉਸ ਦੇ ਦਾਖਲੇ ਸੰਬੰਧੀ ਪੁਸ਼ਟੀ ਹੋ ਸਕੇ।

3.9 ਵਿਦਿਆਰਥੀ ਦੁਆਰਾ ਦਾਖਲਾ ਲੈਣ ਵੇਲੇ ਪੇਸ਼ ਕੀਤੇ ਸਾਰੇ ਦਸਤਾਵੇਜ਼ ਅਸਲ ਰੂਪ ਵਿੱਚ ਪੜਤਾਲੇ ਜਾਣ ਅਤੇ ਇਹਨਾਂ ਦੀ ਇੱਕ ਇੱਕ ਫੋਟੋ ਕਾਪੀ ਆਪਣੇ ਪਾਸ ਪੱਕੇ ਰਿਕਾਰਡ ਲਈ ਰੱਖੀ ਜਾਵੇ। ਇਹਨਾਂ ਵਿੱਚੋਂ ਹਦਾਇਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ ਤਸਦੀਕ ਕਰਨ ਉਪਰੰਤ ਦਾਖਲਾ ਫਾਰਮ ਦੇ ਨਾਲ ਬੋਰਡ ਨੂੰ ਭੇਜੀਆਂ ਜਾਣ।

3.10 ਦਾਖਲਾ ਫਾਰਮ (ਬਣਦੀ ਫੀਸ ਸਮੇਤ) ਦੇ ਵੇਰਵੇ ਪੁਸਤਕ ਵਿੱਚ ਨੱਥੀ ਪ੍ਰੋਫਾਰਮਾ-1 ਅਤੇ ਪਾਠ-ਸਮੱਗਰੀ ਸੰਬੰਧੀ ਪ੍ਰੋਫਾਰਮਾ-2 ਭਰ ਕੇ ਇੱਕ ਇੱਕ ਲਾਟ ਵਿੱਚ ਜਮ੍ਹਾਂ ਕਰਵਾਏ ਜਾਣ। ਨਿਸ਼ਚਿਤ ਅੰਤਿਮ ਮਿਤੀ ਤੋਂ ਬਾਅਦ ਵਿੱਚ ਜਮ੍ਹਾਂ ਕਰਵਾਉਣ ਲਈ ਦੋ ਦਿਨ ਦਾ ਸਮਾਂ ਦਿੱਤਾ ਜਾਵੇਗਾ।

3.11 ਵਿਦਿਆਰਥੀ ਵੱਲੋਂ ਦਾਖਲਾ ਫਾਰਮ ਵਿੱਚ ਭਰੇ ਸਾਰੇ ਤੱਥਾਂ ਨੂੰ ਚੰਗੀ ਤਰ੍ਹਾਂ ਪੜਤਾਲ ਲਿਆ ਜਾਵੇ, ਜਿਵੇਂ ਕਿ ਵਿਦਿਆਰਥੀ ਦਾ ਨਾਂ, ਮਾਤਾ/ਪਿਤਾ ਦਾ ਨਾਂ, ਜਨਮ ਮਿਤੀ ਆਦਿ, ਖਾਸ ਕਰਕੇ ਕਰੈਡਿਟ ਕੈਰੀ ਦਾ ਲਾਭ ਲੈ ਰਹੇ ਵਿਦਿਆਰਥੀਆਂ ਦੇ ਦਾਖਲਾ ਫਾਰਮ ਵਿੱਚ, ਜਿਸ ਸਰਟੀਫਿਕੇਟ ਦੇ ਆਧਾਰ ਤੇ ਕਰੈਡਿਟ ਕੈਰੀ ਦਾ ਲਾਭ ਲੈਣਾ ਹੈ, ਉਸ ਦਾ ਰੋਲ ਨੰਬਰ, ਸੈਸ਼ਨ ਆਦਿ। ਜਿਸ ਸਰਟੀਫਿਕੇਟ ਦੇ ਆਧਾਰ ਤੇ ਕਰੈਡਿਟ ਕੈਰੀ ਲਾਭ ਲੈਣਾ ਹੈ, ਉਸਦੀ ਤਸਦੀਕ ਸ਼ੁਦਾ ਫੋਟੋ ਕਾਪੀ ਫਾਰਮ ਨਾਲ ਜ਼ਰੂਰ ਭੇਜੀ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਰੈਡਿਟ ਕੈਰੀ ਦਾ ਲਾਭ ਨਹੀਂ ਦਿੱਤਾ ਜਾਵੇਗਾ।

3.12 ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਯੋਗਤਾ/ ਪਾਤਰਤਾ ਸੰਬੰਧੀ ਸਰਟੀਫਿਕੇਟ ਪੂਰੀ ਤਰ੍ਹਾਂ ਪੜਤਾਲ ਕਰਕੇ ਤਸਦੀਕ ਕੀਤੇ ਜਾਣ। ਜਨਮ ਮਿਤੀ ਦਾ ਸਬੂਤ ਸਿਰਫ ਸੰਬੰਧਿਤ ਪ੍ਰਾਸਪੈਕਟਸ ਵਿੱਚ ਦਰਜ ਹਦਾਇਤਾਂ ਅਨੁਸਾਰ ਹੀ ਮੰਨਣ ਯੋਗ ਹੋਵੇਗਾ।

3.13 ਯੋਗਤਾ ਸੰਬੰਧੀ ਕਿਸੇ ਤਰ੍ਹਾਂ ਦੀ ਗਲਤ ਬਿਆਨੀ ਵਿਦਿਆਰਥੀ, ਸਮਾਜ ਤੇ ਓਪਨ ਸਕੂਲ ਦੇ ਉਦੇਸ਼ ਨੂੰ ਢਾਹ ਨਾ ਸਕਦੀ ਹੈ ਜੇਕਰ ਕੋਈ ਤੱਥ, ਤਰੁਟੀ ਜਾਂ ਕੋਈ ਦਸਤਾਵੇਜ਼ ਗਲਤ ਲਗਾਏ ਜਾਂਦੇ ਹਨ ਤਾਂ ਇਸ ਲਈ ਸਮੁੱਚੀ ਜ਼ਿੰਮੇਵਾਰੀ ਸਕੂਲ ਮੁਖੀ/ਅਧਿਐਨ ਕੇਂਦਰ ਕੋਆਰਡੀਨੇਟਰ ਦੀ ਹੋਵੇਗੀ।

3.14 ਇੱਕ ਵਾਰ ਦਾਖਲਾ ਲੈ ਚੁੱਕਾ ਵਿਦਿਆਰਥੀ ਜਦ ਤਕ ਪ੍ਰੀਖਿਆ ਪਾਸ ਨਹੀਂ ਕਰ ਲੈਂਦਾ ਜਾਂ ਪਾਸ ਹੋਣ ਲਈ ਰੀਅਪੀਅਰ ਲਈ ਦਿੱਤੇ ਸਾਰੇ ਮੌਕੇ ਸਮਾਪਤ ਨਹੀਂ ਕਰ ਲੈਂਦਾ ਜਾਂ ਉਸ ਨੂੰ ਫ਼ੇਲ ਘੋਸ਼ਿਤ ਨਹੀਂ ਕਰ ਦਿੱਤਾ ਜਾਂਦਾ ਉਦੋਂ ਤੱਕ ਉਸਦਾ ਰੀਅਪੀਅਰ ਦਾ ਪ੍ਰੀਖਿਆ ਫਾਰਮ ਅਤੇ ਫੀਸ ਉਸੇ ਅਧਿਐਨ ਕੇਂਦਰ ਦੇ ਮੁਖੀ ਵਲੋਂ ਤਸਦੀਕ ਕਰਕੇ ਬੋਰਡ ਨੂੰ ਭੇਜੀ ਜਾਵੇ। ਹੋਰ ਕਿਸੇ ਅਧਿਐਨ ਕੇਂਦਰ ਮੁਖੀ ਦੁਆਰਾ ਤਸਦੀਕ ਫਾਰਮ ਮੰਨਣ ਯੋਗ ਨਹੀਂ ਹੋਵੇਗਾ।

## 4. ਪਾਠ ਸਮੱਗਰੀ ਦੀ ਵੰਡ

4.1 ਪਾਠ-ਸਮੱਗਰੀ ਸੰਬੰਧੀ ਵਿਸ਼ਾਵਾਰ ਗਿਣਤੀ ਦਾ ਵੇਰਵਾ ਦੇਣ ਲਈ ਪ੍ਰੋਫਾਰਮਾ ਨੰ. 2 ਦੀਆਂ ਦੋ ਫੋਟੋ ਕਾਪੀਆਂ ਜਦੋਂ ਵੀ ਦਾਖਲਾ ਫਾਰਮ ਓਪਨ ਸਕੂਲ ਸ਼ਾਖਾ ਵਿੱਚ ਜਮ੍ਹਾਂ ਕਰਵਾਏ ਜਾਣ, ਦੇ ਨਾਲ ਹੀ ਜਮ੍ਹਾਂ ਕਰਵਾਈਆਂ ਜਾਣ। ਜਿਸ ਦੀ ਇੱਕ ਕਾਪੀ ਓਪਨ ਸਕੂਲ ਸ਼ਾਖਾ ਵਿੱਚ ਰਿਕਾਰਡ ਹਿੱਤ ਰੱਖੀ ਜਾਵੇਗੀ ਤੇ ਦੂਸਰੀ ਓਪਨ ਸਕੂਲ ਸ਼ਾਖਾ ਵੱਲੋਂ ਤਸਦੀਕ ਕਰਕੇ ਸੰਬੰਧਿਤ ਡਿਪੂ ਨੂੰ ਪਾਠ-ਸਮੱਗਰੀ ਜਾਰੀ ਕਰਨ ਹਿੱਤ ਦਿੱਤੀ ਜਾਵੇਗੀ। ਸਪਸ਼ਟ ਕੀਤਾ ਜਾਂਦਾ ਹੈ ਕਿ ਪਾਠ-ਸਮੱਗਰੀ, ਤਸਦੀਕ ਕੀਤੇ ਪ੍ਰਾਪਤੀ ਫਾਰਮ ਤੇ ਹੀ ਡਿੱਪੂ ਵੱਲੋਂ, ਸਕੂਲ ਨੂੰ ਉਪਲਬਧ ਕਰਵਾਈ ਜਾਵੇਗੀ। ਨਿਰਧਾਰਿਤ ਸਮੇਂ ਤੱਕ ਪਾਠ ਸਮੱਗਰੀ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਨਿਰੋਲ ਅਧਿਐਨ ਕੇਂਦਰ ਦੀ ਹੋਵੇਗੀ। ਸਕੂਲ ਵੱਲੋਂ ਨਿਰਧਾਰਿਤ ਮਿਤੀਆਂ ਤੱਕ ਪਾਠ-ਸਮੱਗਰੀ ਪ੍ਰਾਪਤ ਕਰਨ ਸੰਬੰਧੀ ਰਿਪੋਰਟ ਡਿਪੂ ਤੋਂ ਪ੍ਰਾਪਤ ਕੀਤੀ ਜਾਵੇਗੀ ਅਤੇ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ।

4.2 ਖੇਤਰੀ ਦਫਤਰ ਤੋਂ ਪ੍ਰਾਪਤ ਕੀਤੀ ਪਾਠ-ਸਮੱਗਰੀ ਦੀ ਵੰਡ ਤੁਰੰਤ ਵਿਦਿਆਰਥੀਆਂ ਨੂੰ ਕਰ ਦਿੱਤੀ ਜਾਵੇ।

4.3 ਪਾਠ-ਸਮੱਗਰੀ ਦੀ ਵੰਡ ਸੰਬੰਧੀ ਰਿਕਾਰਡ ਇੱਕ ਰਜਿਸਟਰ ਵਿੱਚ ਰੱਖਿਆ ਜਾਵੇ ਤਾਂ ਜੋ ਲੋੜ ਪੈਣ ਤੇ ਕਿਸੇ ਵੀ ਸਮੇਂ ਪੜਤਾਲ ਕੀਤੀ ਜਾ ਸਕੇ। ਹਰ ਸਾਲ ਇਸੇ ਰਜਿਸਟਰ ਵਿੱਚ ਐਂਟਰੀ ਕੀਤੀ ਜਾਵੇ ਤਾਂ ਜੋ ਸਟਾਕ ਸਥਿਤੀ ਸਪਸ਼ਟ ਹੋ ਸਕੇ।

## 5. ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.)

5.1 ਇੱਕ ਅਕਾਦਮਿਕ ਸਾਲ ਵਿੱਚ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਲਈ ਕੁੱਲ 30 ਦਿਨ ਲਈ/ਪ੍ਰਤੀ ਵਿਸ਼ਾ ਪੀ.ਸੀ.ਪੀ. ਲਗਾਏ ਜਾਣਗੇ। ਪ੍ਰੈਕਟੀਕਲ ਵਾਲੇ ਵਿਸ਼ੇ ਲਈ 5 ਵਾਧੂ ਪੀ.ਸੀ.ਪੀ. ਲਗਾਏ ਜਾਣਗੇ।

5.2 ਪਹਿਲੇ ਸਮੈਸਟਰ ਦੌਰਾਨ 12 ਦਿਨ ਦਾ ਪੀ.ਸੀ.ਪੀ ਦਾਖਲੇ ਤੋਂ ਬਾਅਦ 20 ਜੁਲਾਈ ਤੋਂ 10 ਅਗਸਤ ਦੌਰਾਨ ਅਤੇ ਦੂਸਰੇ ਸਮੈਸਟਰ ਵਿੱਚ 18 ਦਿਨਾਂ ਲਈ 10 ਦਸੰਬਰ ਤੋਂ 10 ਜਨਵਰੀ ਦੌਰਾਨ ਲਗਾਇਆ ਜਾਵੇਗਾ ਸਹੂਲਤ ਅਨੁਸਾਰ ਸਕੂਲ ਸਮੇਂ ਤੋਂ ਬਾਅਦ ਜਾਂ ਛੁੱਟੀਆਂ ਵਾਲੇ ਦਿਨ ਪੀ.ਸੀ.ਪੀ. ਲਗਾਏ ਜਾਣਗੇ।

**ਨੋਟ : ਵਿਅਕਤੀਗਤ ਸੰਪਰਕ ਪ੍ਰੋਗਰਾਮ ਵਿੱਚ ਹਾਜ਼ਰ ਹੋਣ ਸਮੇਂ ਵਿਦਿਆਰਥੀਆਂ ਕੋਲ ਸ਼ਨਾਖ਼ਤੀ ਕਾਰਡ ਦਾ ਹੋਣਾ ਲਾਜ਼ਮੀ ਕੀਤਾ ਜਾਵੇ।**

### 5.3 ਪੀ.ਸੀ.ਪੀ. ਦੌਰਾਨ ਕੀਤੇ ਜਾਣ ਵਾਲੇ ਕਾਰਜਾਂ ਦਾ ਵੇਰਵਾ :-

(ੳ) ਪੀ.ਸੀ.ਪੀ. ਲਗਾਉਣ ਤੋਂ 15 ਦਿਨ ਪਹਿਲਾਂ ਟਾਈਮ ਟੇਬਲ ਦੀ ਕਾਪੀ ਅਤੇ ਪੀ.ਸੀ.ਪੀ. ਦੌਰਾਨ ਵਿਦਿਆਰਥੀਆਂ ਨੂੰ ਵਿੱਦਿਅਕ ਅਗਵਾਈ ਦੇਣ ਵਾਲੇ ਅਧਿਆਪਕਾਂ ਦੀ ਸੂਚੀ ਦਾਖਲੇ ਦੀ ਅੰਤਿਮ ਮਿਤੀ ਤੋਂ 25 ਦਿਨ ਦੇ ਅੰਦਰ ਅੰਦਰ ਓਪਨ ਸਕੂਲ ਸ਼ਾਖਾ ਨੂੰ ਭੇਜੀ ਜਾਵੇ। ਦਾਖਲ ਵਿਦਿਆਰਥੀਆਂ ਨੂੰ ਪੀ.ਸੀ.ਪੀ. ਸਬੰਧੀ ਸੂਚਨਾ ਦਾਖਲਾ ਲੈਣ ਸਮੇਂ ਜਾਂ ਪ੍ਰੀਖਿਆ ਫਾਰਮ ਭਰਨ ਸਮੇਂ ਹੀ ਦੇ ਦਿੱਤੀ ਜਾਵੇ ਅਤੇ ਸੈਕਸ਼ਨਵਾਰ, ਵਿਸ਼ਾਵਾਰ ਅਤੇ ਗਰੁੱਪ ਅਨੁਸਾਰ ਟਾਈਮ ਟੇਬਲ ਤਿਆਰ ਕਰਕੇ ਉਸ ਦੀ ਕਾਪੀ ਨੋਟਿਸ ਬੋਰਡ ਤੇ ਲਗਾਈ ਜਾਵੇ।

(ਅ) ਪੀ.ਸੀ.ਪੀ. ਦੌਰਾਨ ਨਿਯਮਾਂ ਅਨੁਸਾਰ ਲਿਖਤੀ ਅਤੇ ਪ੍ਰਯੋਗੀ ਪ੍ਰੀਖਿਆ ਵਾਲੇ ਵਿਸ਼ਿਆਂ ਵਿੱਚ ਅਤੇ ਦੂਸਰੇ ਸਾਰੇ ਵਿਸ਼ਿਆਂ ਵਿੱਚ 50% ਹਾਜ਼ਰੀਆਂ ਜ਼ਰੂਰੀ ਹਨ। ਹਾਜ਼ਰੀਆਂ ਪੂਰੀਆਂ ਨਾ ਕਰਨ ਕਾਰਨ ਅਯੋਗ ਕਰਾਰ ਦਿੱਤੇ ਜਾਣ ਵਾਲੇ ਵਿਦਿਆਰਥੀਆਂ ਦੀ ਸੂਚੀ ਪ੍ਰੋਫਾਰਮ ਨੰ. 4 ਰਾਹੀਂ ਬੋਰਡ ਦੀ ਓਪਨ ਸਕੂਲ ਸ਼ਾਖਾ ਨੂੰ ਹੇਠ ਦਰਸਾਈਆਂ ਮਿਤੀਆਂ ਤੱਕ ਭੇਜੀ ਜਾਵੇ ਤਾਂ ਜੋ ਓਪਨ ਸਕੂਲ ਸ਼ਾਖਾ ਵੱਲੋਂ ਰੋਲ ਨੰਬਰ ਰੋਕਣ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

ਪਹਿਲਾ ਸਮੈਸਟਰ - 15 ਅਗਸਤ 2012
ਦੂਜਾ ਸਮੈਸਟਰ - 15 ਜਨਵਰੀ 2013

(ੲ) ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਉਹਨਾਂ ਦੁਆਰਾ ਨਾਮਜ਼ਦ ਅਧਿਕਾਰੀ ਦੀ ਅਗੇਤੀ ਪ੍ਰਵਾਨਗੀ ਲਈ ਕਿਸੇ ਵਿਸ਼ੇਸ਼ ਹਾਲਤ ਵਿੱਚ ਹਾਜ਼ਰੀ ਸੰਬੰਧੀ ਛੋਟ ਲਈ ਪ੍ਰਤੀ ਬੇਨਤੀ ਅਧਿਐਨ ਕੇਂਦਰ ਵੱਲੋਂ ਉਪ ਡਾਇਰੈਕਟਰ (ਪੰਜਾਬ ਓਪਨ ਸਕੂਲ) ਨੂੰ ਭੇਜੀ ਜਾ ਸਕਦੀ ਹੈ।

(ਸ) ਪੀ.ਸੀ.ਪੀ. ਦੌਰਾਨ ਵਿਦਿਆਰਥੀਆਂ ਦੀਆਂ ਹਾਜ਼ਰੀਆਂ ਦਾ ਵਿਸ਼ਾਵਾਰ ਰਿਕਾਰਡ ਰੱਖਿਆ ਜਾਵੇ।

(ਹ) ਪੀ.ਸੀ.ਪੀ. ਦੌਰਾਨ ਵਿਦਿਆਰਥੀਆਂ ਦੇ ਬੈਠਣ ਅਤੇ ਹੋਰ ਯੋਗ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਅਧਿਐਨ ਕੇਂਦਰ ਦੀ ਹੋਵੇਗੀ।

(ਕ) ਵਿੱਦਿਅਕ ਅਗਵਾਈ ਦੇਣ ਲਈ ਇੱਕ ਸੈਕਸ਼ਨ ਵਿੱਚ ਵੱਧ ਤੋਂ ਵੱਧ 60 ਵਿਦਿਆਰਥੀਆਂ ਦਾ ਗਰੁੱਪ ਬਣਾ ਲਿਆ ਜਾਵੇ। ਪ੍ਰਯੋਗੀ ਕਾਰਜਾਂ ਲਈ ਇੱਕ ਗਰੁੱਪ ਵਿੱਚ 20 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ। ਹਰੇਕ ਵਿਸ਼ੇ ਦੀ ਅਗਵਾਈ ਦੇਣ ਲਈ ਅਧਿਆਪਕਾਂ ਦਾ ਪ੍ਰਬੰਧ ਅਧਿਐਨ ਕੇਂਦਰ ਦੇ ਮੁਖੀ ਵੱਲੋਂ ਕੀਤਾ ਜਾਣਾ ਜ਼ਰੂਰੀ ਹੈ। ਇਸ ਕਾਰਜ ਲਈ ਲੋੜ ਪੈਣ ਤੇ ਪਾਰਟ ਟਾਈਮ ਅਧਿਆਪਕਾਂ ਦੀਆਂ ਸੇਵਾਵਾਂ ਵੀ ਲਈਆਂ ਜਾ ਸਕਦੀਆਂ ਹਨ।

**ਨੋਟ :** ਨਿਯਮਾਂ ਅਨੁਸਾਰ ਉਚਿਤ ਸੇਵਾਵਾਂ ਪ੍ਰਦਾਨ ਕਰਨ ਹਿੱਤ ਬੋਰਡ ਵਲੋਂ ਅਧਿਐਨ ਕੇਂਦਰ ਦੇ ਨਿਰੀਖਣ ਲਈ ਮਾਹਿਰ ਭੇਜੇ ਜਾਣਗੇ।

## 6. ਮੁਲਾਂਕਣ ਪੱਤਰ

ਬੋਰਡ ਦੁਆਰਾ ਭੇਜੀ ਗਈ ਪਾਠ ਸਮੱਗਰੀ ਵਿੱਚ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਮੁਲਾਂਕਣ ਪੱਤਰ ਸ਼ਾਮਲ ਕੀਤੇ ਗਏ ਹਨ। ਵਿਦਿਆਰਥੀ ਇਹਨਾਂ ਮੁਲਾਂਕਣ ਪੱਤਰਾਂ ਨੂੰ ਹੱਲ ਕਰਕੇ ਹੇਠ ਲਿਖੇ ਅਨੁਸਾਰ ਕੇਂਦਰ ਵੱਲੋਂ ਨਿਸ਼ਚਿਤ ਕੀਤੀਆਂ ਮਿਤੀਆਂ ਤੱਕ ਆਪਣੇ ਅਧਿਐਨ ਕੇਂਦਰ ਵਿਚ ਦੇਵੇਗਾ। ਮੁਲਾਂਕਣ ਉਪਰੰਤ ਕੇਂਦਰ ਅਗਵਾਈ ਨਿਰਦੇਸ਼ਾਂ ਸਹਿਤ ਇਹ ਮੁਲਾਂਕਣ ਪੱਤਰ ਵਿਦਿਆਰਥੀ ਨੂੰ ਵਾਪਸ ਕਰੇਗਾ। ਅਧਿਐਨ ਕੇਂਦਰ ਦੁਆਰਾ ਇਸ ਬਾਰੇ ਪੂਰਾ ਰਿਕਾਰਡ ਰੱਖਿਆ ਜਾਵੇ। ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਲਈ ਸਮੈਸਟਰ ਵਾਰ ਪਾਠ-ਕ੍ਰਮ ਤੇ ਅਧਾਰਿਤ ਮੁਲਾਂਕਣ ਪੱਤਰ ਹੱਲ ਕਰਕੇ ਸੰਬੰਧਤ ਅਧਿਐਨ ਕੇਂਦਰ ਨੂੰ ਭੇਜਣਾ ਲਾਜ਼ਮੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿਚ ਵਿਦਿਆਰਥੀ ਦਾ ਪ੍ਰੀਖਿਆ ਲਈ ਉਮੀਦਵਾਰੀ ਹੱਕ ਰੱਦ ਵੀ ਕੀਤਾ ਜਾ ਸਕਦਾ ਹੈ।

**ਦਸਵੀਂ ਅਤੇ ਬਾਰ੍ਹਵੀਂ ਜਮਾਤ ਲਈ ਮੁਲਾਂਕਣ ਪੱਤਰ :-**

ਪਹਿਲੇ ਸਮੈਸਟਰ ਦੇ ਮੁਲਾਂਕਣ ਪੱਤਰ - 12 ਅਗਸਤ 2012 ਤੱਕ

ਦੂਸਰੇ ਸਮੈਸਟਰ ਦੇ ਮੁਲਾਂਕਣ ਪੱਤਰ - 9 ਜਨਵਰੀ 2013 ਤੱਕ

## 7. ਆਂਤਰਿਕ ਟੈਸਟ

ਵਿਦਿਆਰਥੀਆਂ ਦੀ ਵਿੱਦਿਅਕ ਪ੍ਰਾਪਤੀ ਦੇ ਮੁਲਾਂਕਣ ਹਿੱਤ ਅਧਿਐਨ ਕੇਂਦਰ ਦੁਆਰਾ ਦਸਵੀਂ ਅਤੇ ਬਾਰ੍ਹਵੀਂ ਜਮਾਤ ਲਈ ਪਹਿਲੇ ਸਮੈਸਟਰ ਦੇ ਪਾਠ ਕ੍ਰਮ ਤੇ ਅਧਾਰਿਤ ਅੰਦਰੂਨੀ ਟੈਸਟ ਅਗਸਤ ਮਹੀਨੇ ਅਤੇ ਦੂਸਰੇ ਸਮੈਸਟਰ ਦੇ ਪਾਠ ਕ੍ਰਮ ਤੇ ਅਧਾਰਿਤ ਜਨਵਰੀ ਮਹੀਨੇ ਦੌਰਾਨ ਲਿਆ ਜਾਵੇਗਾ। ਅਧਿਐਨ ਕੇਂਦਰ ਦੁਆਰਾ ਇਹਨਾਂ ਟੈਸਟ ਦੀਆਂ ਉੱਤਰ ਪੱਤਰੀਆਂ ਦੇ ਮੁਲਾਂਕਣ ਉਪਰੰਤ ਯੋਗ ਅਗਵਾਈ ਦਿੱਤੀ ਜਾਵੇਗੀ।

## 8. ਦਾਖਲਾ/ਰਜਿਸਟਰੇਸ਼ਨ, ਪ੍ਰੀਖਿਆ ਆਦਿ ਫੀਸਾਂ

8.1 ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਦਾਖਲਾ, ਪ੍ਰੀਖਿਆ ਅਤੇ ਰਜਿਸਟਰੇਸ਼ਨ ਫ਼ੀਸਾਂ ਬੋਰਡ ਦੇ ਮੁੱਖ ਦਫ਼ਤਰ ਜਾਂ ਜ਼ਿਲ੍ਹਾ ਖੇਤਰੀ ਦਫ਼ਤਰਾਂ ਵਿਖੇ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ। **ਚੈੱਕ ਸਵੀਕਾਰ ਨਹੀਂ ਕੀਤੇ ਜਾਣਗੇ।**

8.2 ਫ਼ੀਸ ਜਮ੍ਹਾਂ ਕਰਾਉਣ ਵੇਲੇ ਇਹ ਧਿਆਨ ਰੱਖਿਆ ਜਾਵੇ ਕਿ ਕੁੱਲ ਰਾਸ਼ੀ ਇੱਕਮੁੱਠ ਰਸੀਦ ਰਾਹੀਂ ਜਮ੍ਹਾਂ ਕਰਵਾਈ ਜਾਵੇ, ਨਾ ਕਿ ਛੋਟੀ ਰਕਮ ਦੀਆਂ ਵੱਖ-ਵੱਖ ਰਸੀਦਾਂ ਰਾਹੀਂ। ਵਿਦਿਆਰਥੀਆਂ ਤੋਂ ਇਹ ਫ਼ੀਸ ਨਕਦ ਪ੍ਰਾਪਤ ਕਰਕੇ ਉਸ ਦੀ ਰਸੀਦ ਉਨ੍ਹਾਂ ਨੂੰ ਦਿੱਤੀ ਜਾਵੇ।

8.3 ਵੱਖ ਵੱਖ ਸ਼੍ਰੇਣੀ ਲਈ ਬੋਰਡ ਦੁਆਰਾ ਨਿਰਧਾਰਿਤ ਫ਼ੀਸਾਂ ਦਾ ਵੇਰਵਾ ਸੰਬੰਧਤ ਪ੍ਰਾਸਪੈਕਟਸ ਵਿੱਚ ਦਰਜ ਹੈ। ਬੋਰਡ ਵਲੋਂ ਇਹਨਾਂ ਫ਼ੀਸਾਂ ਵਿੱਚ ਕਿਸੇ ਵੀ ਸਮੇਂ ਬਿਨਾਂ ਕਿਸੇ ਨੋਟਿਸ ਦੇ ਤਬਦੀਲੀ ਕੀਤੀ ਜਾ ਸਕਦੀ ਹੈ।

## 9. ਸੇਵਾਫਲ

9.1 ਅਧਿਐਨ ਕੇਂਦਰ ਦੁਆਰਾ ਵਿਦਿਆਰਥੀਆਂ ਨੂੰ ਸਮੇਂ ਸਮੇਂ ਦਿੱਤੀਆਂ ਵਿਦਿਆਰਥੀ ਸਹਿਯੋਗੀ ਸੇਵਾਵਾਂ ਅਤੇ ਪੀ.ਸੀ.ਪੀ. ਆਯੋਜਨ ਕਰਨ ਲਈ ਬੋਰਡ ਵੱਲੋਂ ਅਧਿਐਨ ਕੇਂਦਰ ਨੂੰ ਦਸਵੀ ਸ਼੍ਰੇਣੀ ਲਈ 200/- ਰੁ: ਅਤੇ ਬਾਰ੍ਹਵੀਂ ਸ਼੍ਰੇਣੀ ਲਈ 250/- ਰੁ: ਪ੍ਰਤੀ ਵਿਦਿਆਰਥੀ, ਸੇਵਾਫਲ ਦੇ ਰੂਪ ਵਿੱਚ ਉੱਕਾ-ਪੁੱਕਾ ਅਦਾਇਗੀ ਕੀਤੀ ਜਾਵੇਗੀ।

9.2 ਸੇਵਾਫਲ ਦੀ ਅਦਾਇਗੀ ਲਈ ਕਿਤਾਬਚੇ ਵਿੱਚ ਦਿੱਤਾ ਪ੍ਰੋਫਾਰਮਾ ਨੰ: 5 ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਵੱਖੋ-ਵੱਖਰਾ ਭਰਿਆ ਜਾਵੇ ਅਤੇ ਹਰ ਪੱਖੋਂ ਮੁਕੰਮਲ ਕਰ ਕੇ 30 ਅਪ੍ਰੈਲ 2013 ਤੱਕ ਬੋਰਡ ਦੇ ਦਫਤਰ ਵਿੱਚ ਭੇਜਿਆ ਜਾਵੇ। ਇਸ ਉਪਰੰਤ ਕੋਈ ਵੀ ਸੇਵਾਫਲ ਪ੍ਰੋਫਾਰਮਾ ਅਦਾਇਗੀ ਲਈ ਸਵੀਕਾਰ ਨਹੀਂ ਕੀਤਾ ਜਾਵੇਗਾ।

## 10. ਸਜ਼ਾ ਤੇ ਜ਼ੁਰਮਾਨਾ

ਅਧਿਐਨ ਕੇਂਦਰ ਵੱਲੋਂ ਦਰਸਾਏ ਤੱਥਾਂ ਵਿੱਚ ਹੇਠ ਲਿਖੇ ਅਨੁਸਾਰ ਕੋਈ ਤਰੁਟੀ/ਊਣਤਾਈ ਪਾਈ ਜਾਣ ਦੀ ਸੂਰਤ ਵਿੱਚ ਬੋਰਡ ਵਲੋਂ ਨਿਯਮਾਂ ਅਨੁਸਾਰ ਸਜ਼ਾ ਤੇ ਜ਼ੁਰਮਾਨਾ ਜਾਂ ਇੱਕੋ ਸਮੇਂ ਦੋਵੇਂ ਕੀਤੇ ਜਾ ਸਕਦੇ ਹਨ :-

10.1 ਅਧਿਐਨ ਕੇਂਦਰ ਵੱਲੋਂ ਗ਼ਲਤ/ਨਕਲੀ ਯੋਗਤਾ ਸਰਟੀਫਿਕੇਟ ਦੇ ਆਧਾਰ ਤੇ ਦਾਖਲਾ ਕਰਕੇ ਭੇਜਣਾ।

10.2 ਅਧੂਰੇ ਦਾਖਲਾ ਫਾਰਮ ਭੇਜਣਾ।

10.3 ਦਾਖਲ ਹੋਏ ਵਿਦਿਆਰਥੀਆਂ ਦੀ ਕੁੱਲ ਬਣਦੀ ਦਾਖਲਾ/ਕਰੈਡਿਟ ਕੈਰੀ/ਰਜਿਸਟਰੇਸ਼ਨ ਪ੍ਰੀਖਿਆ ਫ਼ੀਸ ਜਾਣ ਬੁੱਝ ਕੇ ਘੱਟ ਭੇਜਣਾ।

10.4 ਵਿਦਿਆਰਥੀਆਂ ਪਾਸੋਂ ਬੋਰਡ ਦੁਆਰਾ ਨਿਰਧਾਰਤ ਫ਼ੀਸਾਂ ਤੋਂ ਇਲਾਵਾ ਕੋਈ ਹੋਰ ਫ਼ੀਸ ਲੈਣਾ।

10.5 ਵਿਦਿਆਰਥੀ ਦਾ ਦਾਖਲਾ ਫਾਰਮ ਅਤੇ ਦਾਖਲਾ/ਕਰੈਡਿਟ ਕੈਰੀ/ਰਜਿਸਟਰੇਸ਼ਨ ਪ੍ਰੀਖਿਆ ਫਾਰਮ/ਫ਼ੀਸ ਨਿਸ਼ਚਿਤ ਮਿਤੀ ਤੱਕ ਨਾ ਭੇਜਣਾ ਜਾਂ ਪ੍ਰੀਖਿਆ ਦੇ ਸਮੇਂ ਤੱਕ ਆਪਣੇ ਕੋਲ ਹੀ ਰੱਖ ਛੱਡਣਾ ਸਜ਼ਾ ਯੋਗ ਹੈ।

10.6 ਵਿਦਿਆਰਥੀ ਨੂੰ ਅਕਾਦਮਿਕ ਲਾਭ ਦੇਣ ਦਾ ਝਾਂਸਾ ਦੇ ਕੇ ਧੋਖੇ ਵਿੱਚ ਰੱਖਣਾ।

10.7 ਦਾਖਲਾ ਖਾਰਜ ਰਜਿਸਟਰ ਪੂਰੀ ਤਰ੍ਹਾਂ ਤਿਆਰ ਨਾ ਕਰਨ ਅਤੇ ਬਿਨਾ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਲਏ ਇਸ ਵਿਚਲੇ ਇੰਦਰਾਜ਼ਾਂ ਵਿੱਚ ਤਬਦੀਲੀ ਕਰਨਾ ਜਾਂ ਦਾਖਲੇ ਸੰਬੰਧੀ ਪੂਰਾ ਰਿਕਾਰਡ ਨਾ ਰੱਖਣਾ।

10.8 ਨਿਸ਼ਚਿਤ ਮਿਤੀ ਤੇ ਪੀ.ਸੀ.ਪੀ. ਆਯੋਜਿਤ ਨਾ ਕਰਨਾ ਤੇ ਇਸ ਸੰਬੰਧੀ ਦਸਤਾਵੇਜ਼ ਨਿਸ਼ਚਿਤ ਮਿਤੀ ਤੱਕ ਦਫ਼ਤਰ ਨੂੰ ਨਾ ਭੇਜਣਾ।

10.9 ਵਿਦਿਆਰਥੀ ਕੋਲੋਂ ਪ੍ਰਾਪਤ ਕੀਤੀ ਦਾਖਲਾ/ਕਰੈਡਿਟ ਕੈਰੀ/ਰਜਿਸਟਰੇਸ਼ਨ/ਪ੍ਰੀਖਿਆ ਫ਼ੀਸ ਦੀ ਪ੍ਰਾਪਤੀ ਰਸੀਦ ਵਿਦਿਆਰਥੀ ਨੂੰ ਨਾ ਦੇਣਾ।

10.10 ਦੂਹਰੀ ਪਾਤਰਤਾ ਰਾਹੀਂ ਬੋਰਡ ਨੂੰ ਧੋਖੇ ਵਿੱਚ ਰੱਖਣਾ ਅਰਥਾਤ ਇੱਕੋ ਜਮਾਤ ਲਈ ਇੱਕ ਤੋਂ ਵੱਧ ਦਾਖਲਾ/ਪ੍ਰੀਖਿਆ ਫਾਰਮ ਭਰਨਾ।

10.11 ਦਾਖਲਾ ਫਾਰਮ ਵਿੱਚ ਤੱਥਾਂ ਨੂੰ ਜਾਣ ਬੁੱਝ ਕੇ ਗਲਤ ਭਰਨਾ ਜਾਂ ਯੋਗਤਾ ਸੰਬੰਧੀ ਸਰਟੀਫਿਕੇਟ ਵਿੱਚ ਜਾਣ ਬੁੱਝ ਕੇ ਛੇੜ-ਛਾੜ ਕਰਨਾ।

10.12 ਪਾਠ ਸਮੱਗਰੀ ਦੀ ਸਹੀ ਵੰਡ ਨਾ ਕਰਨਾ ਅਤੇ ਵੰਡ ਸੰਬੰਧੀ ਰਿਕਾਰਡ ਨਾ ਰੱਖਣਾ ਜਾਂ ਲੋੜ ਤੋਂ ਵੱਧ ਪਾਠ ਸਮੱਗਰੀ ਪ੍ਰਾਪਤ ਕਰਨਾ।

10.13 ਦੂਸਰੀ ਤਹਿਸੀਲ ਦੇ ਵਸਨੀਕ ਹੋਣ ਦੇ ਦਰਸਾਏ ਕਾਰਨਾ ਦੀ ਘੋਖ ਕੀਤੇ ਬਿਨਾ ਦਾਖਲਾ ਦੇਣਾ।

10.14 ਓਪਨ ਸਕੂਲ ਦੇ ਵਿਦਿਆਰਥੀਆਂ ਨੂੰ ਰਸਮੀਂ ਸਿੱਖਿਆ ਅਧੀਨ ਦਾਖਲ ਕੀਤੇ ਰੈਗੂਲਰ ਵਿਦਿਆਰਥੀਆਂ ਦੇ ਨਾਲ ਸਕੂਲ ਸਮੇਂ ਦੌਰਾਨ ਅਗਵਾਈ ਦੇਣਾ ਅਤੇ ਉਹਨਾਂ ਪਾਸੋਂ ਇਸ ਕਾਰਜ ਲਈ ਫ਼ੀਸ ਆਦਿ ਵਸੂਲ ਕਰਨਾ।

10.15 ਦਫ਼ਤਰ ਵੱਲੋਂ ਸਮੇਂ ਸਮੇਂ ਦਿੱਤੀਆਂ ਹਦਾਇਤਾਂ ਦੀ ਸਮੇਂ ਸਿਰ ਪਾਲਣਾ ਨਾ ਕਰਨਾ।

ਉਪਰੋਕਤ ਜਾਂ ਇਹਨਾਂ ਤੋਂ ਇਲਾਵਾ ਨਿਯਮਾਂ ਦੇ ਵਿਰੁੱਧ ਕਾਰਵਾਈ ਕਰਨ ਤੇ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਧਿਐਨ ਕੇਂਦਰ ਨੂੰ ਕੋਈ ਵੀ ਸਜ਼ਾ ਜਿਵੇਂ ਕਿ ਅਧਿਐਨ ਕੇਂਦਰ ਰੱਦ ਕਰਨਾ, ਨਕਦ ਰੂਪ ਵਿਚ ਜ਼ੁਰਮਾਨਾ, ਐਫੀਲੀਏਸ਼ਨ ਰੱਦ ਕਰਨਾ ਆਦਿ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ।

## 11. ਅਗਵਾਈ ਪੁਸਤਕ ਵਿੱਚ ਲੱਗੇ ਪ੍ਰੋਫਾਰਮੇ ਭੇਜਣ ਬਾਰੇ

| | | | |
|---|---|---|---|
| ਪ੍ਰੋਫਾਰਮਾ-1 | ਦਾਖਲਾ/ਕਰੈਡਿਟ ਕੈਰੀ/ ਰਜਿਸਟਰੇਸ਼ਨ ਪ੍ਰੀਖਿਆ ਫ਼ੀਸ ਪ੍ਰੋਫਾਰਮਾ ਬਿਨਾਂ ਲੇਟ ਫ਼ੀਸ/ ਲੇਟ ਫ਼ੀਸ ਨਾਲ (ਦੋ ਕਾਪੀਆਂ) | | |
| ਪ੍ਰੋਫਾਰਮਾ-2 | ਪਾਠ ਸਮੱਗਰੀ ਪ੍ਰਾਪਤੀ ਸਰਟੀਫਿਕੇਟ | - | ਦਾਖਲਾ ਫਾਰਮ ਜਮ੍ਹਾਂ ਕਰਵਾਉਣ ਸਮੇਂ (ਦੋ ਕਾਪੀਆਂ) |
| ਪ੍ਰੋਫਾਰਮਾ-3 | ਪਾਠ ਸਮੱਗਰੀ ਵੰਡ ਸਰਟੀਫਿਕੇਟ | - | ਅਦਾਇਗੀ ਸਮੇਂ |
| ਪ੍ਰੋਫਾਰਮਾ-4 | ਅਯੋਗ ਵਿਦਿਆਰਥੀ ਫਾਰਮ | - | 15 ਅਗਸਤ - ਸਮੈਸਟਰ-1 |
| | | - | 15 ਜਨਵਰੀ - ਸਮੈਸਟਰ-2 |
| ਪ੍ਰੋਫਾਰਮਾ-5 | ਸੇਵਾਫਲ ਅਦਾਇਗੀ ਫਾਰਮ | - | 30 ਅਪ੍ਰੈਲ 2013 |
| ਪ੍ਰੋਫਾਰਮਾ-6 | ਅਧਿਐਨ ਕੇਂਦਰ ਮੁੱਖੀ ਦੇ ਨਮੂਨੇ ਦੇ ਹਸਤਾਖਰ - ਪਹਿਲੀ ਵਾਰ ਦਾਖਲਾ ਫਾਰਮ ਜਮ੍ਹਾਂ ਕਰਵਾਉਣ ਸਮੇਂ ਜਾਂ ਅਧਿਐਨ ਕੇਂਦਰ ਮੁਖੀ ਤੇ ਤਬਦੀਲ ਹੋਣ ਤੇ ਨਵੇਂ ਮੁਖੀ ਦੇ। | | |

**ਸਾਰੇ ਪ੍ਰੋਫਾਰਮੇ ਉਪਰੋਕਤ ਅਨੁਸਾਰ ਸਮੇਂ ਸਮੇਂ ਉਪ ਡਾਇਰੈਕਟਰ (ਓਪਨ ਸਕੂਲ) ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਵਿੱਦਿਆ ਭਵਨ, ਐਸ.ਏ.ਐਸ ਨਗਰ ਨੂੰ ਭੇਜੇ ਜਾਣੇ ਅਤਿ ਜ਼ਰੂਰੀ ਹਨ।**

## 12. ਅਧਿਐਨ ਕੇਂਦਰ ਦੁਆਰਾ ਦਾਖਲੇ ਸਮੇਂ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਦਸਤਾਵੇਜ਼

12.1. ਪੂਰੀ ਤਰ੍ਹਾਂ ਭਰਿਆ ਹੋਇਆ ਅਸਲ ਦਾਖਲਾ ਫਾਰਮ ਲੋੜੀਂਦੇ ਦਸਤਾਵੇਜ਼ਾਂ ਸਮੇਤ (ਦੋ ਫੋਟੋ ਕਾਪੀਆਂ)

12.2. ਵਿਦਿਆਰਥੀਆਂ ਦੀਆਂ 10 ਪਾਸਪੋਰਟ ਸਾਈਜ਼ ਫੋਟੋਗਰਾਫ ਜੋ ਹੇਠ ਲਿਖੇ ਅਨੁਸਾਰ ਚਿਪਕਾਈਆਂ ਜਾਣ :-

(ੳ) ਦਾਖਲਾ ਫਾਰਮ ਉੱਤੇ - 1 ਹਰੇਕ ਪਰਤ ਤੇ

(ਅ) ਸ਼ਨਾਖਤੀ ਕਾਰਡ ਉੱਤੇ - 1

(ੲ) ਸਕੂਲ ਦੇ ਰਿਕਾਰਡ ਵਿੱਚ - 1

(ਸ) ਪ੍ਰੀਖਿਆ ਫਾਰਮ - 2

## 12.3 ਪਾਤਰਤਾ ਸਰਟੀਫ਼ਿਕੇਟ

### 12.3.1 ਮੈਟ੍ਰਿਕੁਲੇਸ਼ਨ ਕੋਰਸ :-

ਹੇਠ ਲਿਖਿਆਂ ਵਿੱਚੋਂ ਕੋਈ ਇੱਕ ਦਸਤਾਵੇਜ਼ ਅਤੇ ਉਸ ਦੀਆਂ ਦੋ ਫੋਟੋ ਕਾਪੀਆਂ।

ਦੋ ਅਕਾਦਮਿਕ ਸਾਲ ਪਹਿਲਾਂ ਅੱਠਵੀਂ ਜਮਾਤ ਪਾਸ ਕਰਨ ਦਾ ਸਰਟੀਫ਼ਿਕੇਟ।

ਜਾਂ

ਦਸਵੀਂ ਫ਼ੇਲ ਦਾ ਨਤੀਜਾ ਕਾਰਡ

ਜਾਂ

ਦਸਵੀਂ ਕੰਪਾਰਟਮੈਂਟ/ਰੀਅਪੀਅਰ ਦਾ ਸਰਟੀਫ਼ਿਕੇਟ ਜਿਸ ਅਨੁਸਾਰ ਉਸਦੇ ਕੰਪਾਟਮੈਂਟ/ਰੀਅਪੀਅਰ ਦੇ ਸਾਰੇ ਮੌਕੇ ਸਮਾਪਤ ਹੋ ਚੁੱਕੇ ਹੋਣ।

ਜਾਂ

14 ਸਾਲ ਦੀ ਉਮਰ ਪੂਰੀ ਕਰ ਚੁੱਕੇ ਵਿਦਿਆਰਥੀ ਦੀ ਉਮਰ ਦੇ ਸਬੂਤ ਵਜੋਂ ਪ੍ਰਾਸਪੈਕਟਸ ਵਿੱਚ ਦਰਜ ਕੋਈ ਇੱਕ ਦਸਤਾਵੇਜ਼।

### 12.3.2 ਸੀਨੀਅਰ ਸੈਕੰਡਰੀ ਕੋਰਸ

ਘੱਟੋ ਘੱਟ ਦੋ ਅਕਾਦਮਿਕ ਸਾਲ ਪਹਿਲਾਂ ਦਸਵੀਂ ਪਾਸ ਦਾ ਸਰਟੀਫ਼ਿਕੇਟ।

ਜਾਂ

ਬਾਰ੍ਹਵੀਂ ਫੇਲ੍ਹ ਦਾ ਸਰਟੀਫ਼ਿਕੇਟ

ਜਾਂ

ਬਾਰ੍ਹਵੀਂ ਕੰਪਾਟਮੈਂਟ/ਰੀਅਪੀਅਰ ਦਾ ਸਰਟੀਫ਼ਿਕੇਟ ਜਿਸ ਅਨੁਸਾਰ ਕੰਪਾਟਮੈਂਟ/ਰੀਅਪੀਅਰ ਦੇ ਸਾਰੇ ਮੌਕੇ ਸਮਾਪਤ ਹੋ ਚੁੱਕੇ ਹੋਣ।

**ਨੋਟ :** ਘੱਟ ਤੋਂ ਘੱਟ ਦੋ ਅਕਾਦਮਿਕ ਸਾਲ ਪਹਿਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਬਰਾਬਰ ਦੀ ਦਸਵੀਂ ਦੀ ਪ੍ਰੀਖਿਆ ਵਿੱਚ ਅਪੀਅਰ ਹੋਣ ਦਾ ਸਰਟੀਫਿਕੇਟ ਜਿਸ ਅਨੁਸਾਰ ਉਸ ਦੀ ਕੰਪਾਟਮੈਂਟ/ਰੀਅਪੀਅਰ ਆਈ ਹੋਏ। ਅਜਿਹੇ ਵਿਦਿਆਰਥੀ ਦਾ ਦਸਵੀਂ ਪਾਸ ਦਾ ਸਰਟੀਫਿਕੇਟ ਹਰ ਹਾਲਤ ਵਿਚ ਨਤੀਜਾ ਨਿਕਲਣ ਦੇ 10-15 ਦਿਨਾਂ ਤੱਕ ਭੇਜਿਆ ਜਾਣਾ ਲਾਜ਼ਮੀ ਹੈ।

12.3.3 ਸੰਬੰਧਿਤ ਤਹਿਸੀਲ ਦੇ ਵਸਨੀਕ ਹੋਣ ਦਾ ਸਬੂਤ।

12.3.4 ਸੰਬੰਧਿਤ ਤਹਿਸੀਲ ਦੇ ਵਸਨੀਕ ਹੋਣ ਦੇ ਸਬੂਤ ਸੰਬੰਧੀ-ਹਲਫੀਆ ਬਿਆਨ (ਫੋਟੋ ਕਾਪੀ) ਜੇ ਬਾਹਰਲੀ ਤਹਿਸੀਲ ਦੇ ਵਿਦਿਆਰਥੀ ਨੂੰ ਦਾਖਲਾ ਦਿੱਤਾ ਗਿਆ ਹੈ ਤਾਂ ਵਿਦਿਆਰਥੀ ਵੱਲੋਂ ਪਿੰਡ ਦੇ ਸਰਪੰਚ/ ਨਗਰਪਾਲਿਕਾ ਦੇ ਕੌਂਸਲਰ ਤੋਂ ਤਸਦੀਕਸ਼ੁਦਾ ਅਰਜ਼ੀ।

12.3.5 ਨਿਯਮਾਂ ਅਨੁਸਾਰ ਬਨਦੀ ਦਾਖਲਾ, ਕਰੈਡਿਟ ਕੈਰੀ, ਰਜਿਸਟ੍ਰੇਸ਼ਨ ਫ਼ੀਸ ਅਤੇ ਪ੍ਰੀਖਿਆ ਫ਼ੀਸ।

12.3.6 ਐਸ.ਸੀ./ਬੀ.ਸੀ./ਅਪੰਗ ਹੋਣ ਸੰਬੰਧੀ ਸਮਰੱਥ ਅਧਿਕਾਰੀ ਵੱਲੋਂ ਜਾਰੀ ਸਰਟੀਫਿਕੇਟ ਅਤੇ ਉਸ ਦੀਆਂ ਦੋ ਫੋਟੋ ਕਾਪੀਆਂ।

12.3.7 ਜਨਮ ਮਿਤੀ ਦਾ ਸਬੂਤ।

12.3.8 ਸਰਟੀਫ਼ਿਕੇਟ ਅਤੇ ਉਸ ਦੀ ਫੋਟੋ ਕਾਪੀ ਜਿਸਦੇ ਆਧਾਰ ਤੇ ਕਰੈਡਿਟ ਕੈਰੀ ਦਾ ਲਾਭ ਲੈਣਾ ਹੈ।

**13. ਅਧਿਐਨ ਕੇਂਦਰ ਦੁਆਰਾ ਬੋਰਡ ਨੂੰ ਭੇਜੇ ਜਾਣ ਵਾਲੇ ਦਸਤਾਵੇਜ਼ :-**

**(ੳ) ਦਾਖਲੇ ਸਮੇਂ**

1. ਬੋਰਡ ਦੀਆਂ ਹਦਾਇਤਾਂ ਅਨੁਸਾਰ ਪੂਰੇ ਵੇਰਵਿਆਂ ਸਹਿਤ ਦਾਖਲਾ ਫਾਰਮ ਦੀ ਅਸਲ ਕਾਪੀ ਅਤੇ ਇਸ ਦੀ ਇੱਕ ਫੋਟੋ ਕਾਪੀ ਜਿਸ ਤੇ ਵਿਦਿਆਰਥੀ ਦੇ ਅਸਲ ਹਸਤਾਖਰ ਅਤੇ ਅਸਲ ਫੋਟੋ ਹੋਣ।
2. ਮੈਟ੍ਰਿਕ ਲਈ ਉਪਰੋਕਤ ਲੜੀ ਨੰ: 13.3 ਵਿੱਚੋਂ ਵਿਦਿਆਰਥੀ ਦੀ ਯੋਗਤਾ ਸਿੱਧ ਕਰਦੇ ਸਰਟੀਫ਼ਿਕੇਟ ਦੀ ਤਸਦੀਕ ਸ਼ੁਦਾ ਫੋਟੋ ਕਾਪੀ।
3. ਬਾਹਰਲੀ ਤਹਿਸੀਲ ਦੇ ਦਾਖਲ ਕੀਤੇ ਵਿਦਿਆਰਥੀਆਂ ਦੀ ਸੂਚੀ ਜੇਕਰ ਕੋਈ ਹੈ ਤਾਂ ਪ੍ਰਵਾਨਗੀ ਲਈ।
4. ਸੀਨੀਅਰ ਸੈਕੰਡਰੀ ਲਈ ਉਪਰੋਕਤ ਲੜੀ ਨੰ: 3.2 ਵਿੱਚੋਂ ਵਿਦਿਆਰਥੀ ਦੀ ਯੋਗਤਾ ਸਿੱਧ ਕਰਦੇ ਸਰਟੀਫ਼ਿਕੇਟ ਦੀ ਤਸਦੀਕ ਸ਼ੁਦਾ ਫੋਟੋ ਕਾਪੀ।
5. ਐਸ.ਸੀ./ਬੀ.ਸੀ. ਆਦਿ ਕੈਟੇਗਰੀ ਲਈ ਸਮਰੱਥ ਅਧਿਕਾਰੀ ਦੁਆਰਾ ਜਾਰੀ ਸਰਟੀਫ਼ਿਕੇਟ ਦੀ ਤਸਦੀਕ ਸ਼ੁਦਾ ਫੋਟੋ ਕਾਪੀ।
6. ਦਾਖਲਾ, ਕਰੈਡਿਟ ਕੈਰੀ, ਵਾਧੂ ਵਿਸ਼ਾ ਅਤੇ ਰਜਿਸਟ੍ਰੇਸ਼ਨ ਫੀਸ ਦੇ ਵੇਰਵਿਆਂ ਸਹਿਤ ਨਿਰਧਾਰਿਤ ਪ੍ਰੋਫਾਰਮਾ।
7. ਪਾਠ ਸਮੱਗਰੀ ਪ੍ਰਾਪਤੀ ਫਾਰਮ ਦੋ ਪਰਤਾਂ ਵਿੱਚ।

**(ਅ) ਅਧਿਐਨ ਕੇਂਦਰ ਵੱਲੋਂ ਬੋਰਡ ਨੂੰ ਦਿੱਤੇ ਜਾਣ ਵਾਲੇ ਸਰਟੀਫ਼ਿਕੇਟ**

1. ਵਿਦਿਆਰਥੀਆਂ ਨੂੰ ਪਾਠ ਸਮਗਰੀ ਵੰਡ ਦਾ ਸਰਟੀਫ਼ਿਕੇਟ
2. ਪੀ.ਸੀ.ਪੀ. ਲਗਾਉਣ ਸੰਬੰਧੀ ਲੋੜੀਂਦੇ ਸਰਟੀਫ਼ਿਕੇਟ ਜਿਵੇਂ ਕਿ ਵਿਦਿਆਰਥੀ/ਅਧਿਆਪਕਾਂ ਦੀ ਹਾਜ਼ਰੀ ਸੰਬੰਧੀ ਰਿਕਾਰਡ ਅਤੇ ਪੀ.ਸੀ.ਪੀ. ਦੌਰਾਨ ਅੰਦਰੂਨੀ ਟੈਸਟ ਅਤੇ ਆਂਤਰਿਕ ਮੁਲਾਂਕਣ ਪੱਤਰ ਸੰਬੰਧੀ ਅਗਵਾਈ ਦੇਣ ਦੇ ਸਬੂਤ ਵਜੋਂ।
3. ਸੇਵਾਫਲ ਦੀ ਪ੍ਰਾਪਤੀ ਲਈ ਪ੍ਰੋਫਾਰਮਾ।

**(ੲ) ਪੀ.ਸੀ.ਪੀ. ਅਤੇ ਪਾਠ ਸਮੱਗਰੀ ਸੰਬੰਧੀ**

1. ਟਾਈਮ ਟੇਬਲ ਦੀ ਕਾਪੀ।
2. ਅਗਵਾਈ ਦੇਣ ਵਾਲੇ ਅਧਿਆਪਕਾਂ ਦੀ ਸੂਚੀ।
3. ਪੀ.ਸੀ.ਪੀ. ਤੋਂ ਛੋਟ ਲੈਣ ਵਾਲੇ ਵਿਦਿਆਰਥੀਆਂ ਦੀਆਂ ਪ੍ਰਤੀ ਬੇਨਤੀਆਂ।
4. (ਫਾਰਮ ਨੰ: 4) ਪੀ.ਸੀ.ਪੀ. ਦੌਰਾਨ ਹਾਜ਼ਰੀਆਂ ਪੂਰੀਆਂ ਨਾ ਕਰਨ ਕਾਰਣ ਅਯੋਗ ਰਹਿਣ ਵਾਲੇ ਵਿਦਿਆਰਥੀਆਂ ਦੀ ਸੂਚੀ।

**14. ਅਧਿਐਨ ਕੇਂਦਰ ਦੇ ਰਿਕਾਰਡ ਵਿੱਚ ਰੱਖੇ ਜਾਣ ਵਾਲੇ ਦਸਤਾਵੇਜ਼ :-**

1. ਬੋਰਡ ਨੂੰ ਭੇਜੇ ਗਏ ਹਰ ਇੱਕ ਦਸਤਾਵੇਜ਼ ਦੀ ਇੱਕ-ਇੱਕ ਫੋਟੋ ਕਾਪੀ।
2. ਉਪਰੋਕਤ ਤੋਂ ਇਲਾਵਾ ਦਾਖਲੇ ਸਮੇਂ ਵਿਦਿਆਰਥੀ ਪਾਸੋਂ ਪ੍ਰਾਪਤ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ। (ਅਸਲ ਸਰਟੀਫ਼ਿਕੇਟ ਪੜਤਾਲ ਉਪਰੰਤ ਵਿਦਿਆਰਥੀ ਨੂੰ ਵਾਪਸ ਕਰ ਦਿੱਤੇ ਜਾਣ)।
3. ਵਿਦਿਆਰਥੀਆਂ ਦਾ ਦਾਖਲਾ ਖਾਰਜ ਰਜਿਸਟਰ। (ਪਹਿਲੇ ਰਿਕਾਰਡ ਨਾਲ ਲਗਾਤਾਰਤਾ ਕਾਇਮ ਰੱਖਦੇ ਹੋਏ)
4. ਓਪਨ ਸਕੂਲ ਸੰਬੰਧੀ ਕਾਰਜ ਨਾਲ ਸਬੰਧਤ ਪੱਤਰ ਵਿਹਾਰ ਦੇ ਰਿਕਾਰਡ ਹਿੱਤ ਡਾਇਰੀ ਅਤੇ ਡਿਸਪੈਚ ਰਜਿਸਟਰ।
5. ਪਾਠ ਸਮੱਗਰੀ ਦੀ ਵੰਡ ਸੰਬੰਧੀ ਰਿਕਾਰਡ ਦਾ ਰਜਿਸਟਰ।
6. ਪੀ.ਸੀ.ਪੀ. ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਹਾਜ਼ਰੀ ਰਜਿਸਟਰ।

**15. ਅਧਿਐਨ ਕੇਂਦਰ ਵਲੋਂ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਦਸਤਾਵੇਜ਼/ਸਰਟੀਫ਼ਿਕੇਟ**

1. ਵਿਸ਼ਾਵਾਰ ਪਾਠ ਸਮੱਗਰੀ।
2. ਪ੍ਰਾਪਤ ਫੀਸਾਂ ਦੀਆਂ ਰਸੀਦਾਂ (ਦਾਖਲਾ ਫੀਸ, ਵਾਧੂ ਵਿਸ਼ਾ ਫੀਸ, ਰਜਿਸਟ੍ਰੇਸ਼ਨ ਫੀਸ, ਪ੍ਰੀਖਿਆ ਫੀਸ ਆਦਿ)
3. ਪੀ.ਸੀ.ਪੀ. ਦੇ ਸ਼ਡਿਊਲ ਦੀ ਕਾਪੀ।
4. ਤਸਦੀਕ ਕਰਨ ਉਪਰੰਤ ਸ਼ਨਾਖਤੀ ਕਾਰਡ।
5. ਰੋਲ ਨੰਬਰ, ਨਤੀਜਾ ਕਾਰਡ ਅਤੇ ਸਰਟੀਫ਼ਿਕੇਟ।
6. ਵਿਦਿਆਰਥੀ ਦੀ ਮੰਗ ਅਨੁਸਾਰ ਆਚਰਨ (ਕਰੈਕਟਰ) ਸਰਟੀਫ਼ਿਕੇਟ।

**16. ਬੋਰਡ ਦੀਆਂ ਪੂਰਕ ਸ਼ਕਤੀਆਂ :-** ਜੇਕਰ ਉਪਰੋਕਤ ਨਿਯਮਾਂ ਵਿੱਚ ਕੋਈ ਨੁਕਤਾ ਸ਼ਾਮਲ ਨਾ ਹੋ ਸਕਿਆ ਹੋਵੇ ਤਾਂ ਪ੍ਰਧਾਨ, ਪੰਜਾਬ ਸਕੂਲ ਸਿੱਖਿਆ ਬੋਰਡ ਜਿਵੇਂ ਉਚਿਤ ਸਮਝਣ ਉਸ ਬਾਰੇ ਨਿਰਣਾ ਲੈ ਸਕਦੇ ਹਨ।

**17. ਵਿਆਖਿਆ :-** ਵਿਨਿਯਮਾਂ ਦੀ ਵਿਆਖਿਆ ਕਰਨ ਸੰਬੰਧੀ ਕੋਈ ਸ਼ੰਕਾ ਹੋਵੇ ਤਾਂ ਬੋਰਡ ਦਾ ਨਿਰਣਾ ਅੰਤਿਮ ਹੋਵੇਗਾ।

18. ਪ੍ਰਧਾਨ, ਪੰਜਾਬ ਸਕੂਲ ਸਿੱਖਿਆ ਬੋਰਡ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦਾਖਲਾ ਫ਼ੀਸ/ ਦਾਖਲਾ ਮਿਤੀਆਂ ਵਿੱਚ ਵਿਸ਼ੇਸ਼ ਛੋਟ/ਤਬਦੀਲੀ ਕਰ ਸਕਦੇ ਹਨ।

19. ਕਿਸੇ ਪ੍ਰਕਾਰ ਦੀ ਔਕੜ, ਸਪਸ਼ਟੀਕਰਨ ਲਈ ਸੰਯੁਕਤ ਡਾਇਰੈਕਟਰ ਜਾਂ ਉੱਪ ਡਾਇਰੈਕਟਰ, ਓਪਨ ਸਕੂਲ ਨਾਲ ਡਾਕ ਰਾਹੀਂ ਜਾਂ ਨਿੱਜੀ ਤੌਰ ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਨੋਟ : ਅਗਵਾਈ ਪੁਸਤਕ ਵਿੱਚ ਦਰਜ਼ ਹਦਾਇਤਾਂ/ਨਿਯਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।**

☼☼☼☼☼

**ਪ੍ਰੋਫਾਰਮਾ-1**

# ਪੰਜਾਬ ਸਕੂਲ ਸਿੱਖਿਆ ਬੋਰਡ
## ਪੰਜਾਬ ਓਪਨ ਸਕੂਲ
### ਦਾਖਲਾ ਫ਼ੀਸ ਅਤੇ ਰਜਿਸਟਰੇਸ਼ਨ ਫ਼ੀਸ ਫਾਰਮ (ਬਿਨਾ ਲੇਟ ਫ਼ੀਸ/ਲੇਟ ਫ਼ੀਸ)

**ਅਕਾਦਮਿਕ ਸਾਲ** ______________

**ਸਕੂਲ ਦਾ ਕੋਡ ਨੰ:** _________ **ਸ਼੍ਰੇਣੀ :** ___________ **ਜ਼ਿਲ੍ਹਾ ਕੋਡ ਨੰ:** ______________

ਅਧਿਐਨ ਕੇਂਦਰ ਦਾ ਨਾਂ/ਕੋਡ ਨੰ: ਅਤੇ ਪਤਾ :-

________________________________________________________________

ਤਹਿਸੀਲ ________________________________ ਜ਼ਿਲ੍ਹਾ ____________________________________

ਟੈਲੀਫੋਨ ਨੰ: (ਕੋਡ ਸਮੇਤ)______________________ ਮੋਬਾਈਲ ਨੰ: ________________________________

ਈ ਮੇਲ : __________________

ਨੋਟ : 1. ਵਰਗ ਵਿੱਚ ਜਨਰਲ ਵਰਗਾਂ ਦੇ ਲੜਕਿਆਂ ਲਈ 'ੳ' ਅਤੇ ਐਸ. ਸੀ./ਬੀ.ਸੀ./ਅਪੰਗ ਲੜਕਿਆਂ ਲਈ 'ਅ' ਅਤੇ ਸਮੂਹ ਲੜਕੀਆਂ ਲਈ 'ੲ' ਭਰਿਆ ਜਾਵੇ।
2. ਦਾਖਲਾ ਕ੍ਰਮ ਅੰਕ ਦਾਖਲਾ ਖਾਰਜ ਰਜਿਸਟਰ ਅਨੁਸਾਰ ਭਰਿਆ ਜਾਵੇ।
3. ਦਸਵੀਂ ਅਤੇ ਬਾਰ੍ਹਵੀਂ ਲਈ ਵੱਖ ਵੱਖ ਪ੍ਰੋਫਾਰਮਾ ਭਰਿਆ ਜਾਵੇ।
4. ਲੋੜ ਅਨੁਸਾਰ ਇਸ ਪ੍ਰੋਫਾਰਮੇ ਦੀ ਸਮਾਨ ਆਕਾਰ ਵਿੱਚ ਫੋਟੋ ਕਾਪੀ ਵਰਤੀ ਜਾ ਸਕਦੀ ਹੈ।
5. ਦਸਵੀਂ ਦੇ ਘੱਟੋ-ਘੱਟ 25 ਅਤੇ ਵੱਧ ਤੋਂ ਵੱਧ 200 ਅਤੇ ਬਾਰ੍ਹਵੀਂ ਹਿਊ. ਗਰੁੱਪ ਲਈ ਘੱਟ ਤੋਂ ਘੱਟ 20 ਅਤੇ ਕਾਮਰਸ ਗਰੁੱਪ ਲਈ ਘੱਟ ਤੋਂ ਘੱਟ 10 ਅਤੇ ਵੱਧ ਤੋਂ ਵੱਧ 200 ਉਮੀਦਵਾਰਾਂ ਦਾ ਦਾਖ਼ਲਾ ਹੋਣਾ ਚਾਹੀਦਾ ਹੈ।

| ਲੜੀ ਨੰ. | ਦਾਖਲਾ ਕ੍ਰਮ ਅੰਕ | ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ | ਮਾਤਾ ਦਾ ਨਾਂ | ਵਰਗ ੳ/ ਅ/ ੲ | ਫ਼ੀਸਾਂ ਦਾ ਵੇਰਵਾ | | | | | | |
|---|---|---|---|---|---|---|---|---|---|---|---|---|
| | | | | | | ਦਾਖਲਾ ਫ਼ੀਸ | ਲੇਟ ਫ਼ੀਸ | ਕਰੈਡਿਟ ਕੈਰੀ ਵਿਸ਼ਾ ਫ਼ੀਸ | ਵਾਧੂ ਵਿਸ਼ਾ ਫ਼ੀਸ | ਰਜਿਸਟਰੇਸ਼ਨ ਕੰਟੀ. ਫ਼ੀਸ | ਜੇਕਰ ਫਾਰਮ ਡਾਊਨਲੋਡ ਕੀਤਾ ਤਾਂ ਪ੍ਰੋਸਪੈਕਟਸ ਦੀ ਫ਼ੀਸ | ਕੁੱਲ ਫ਼ੀਸ |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |

| | | | | | | | | | | | | |
|---|---|---|---|---|---|---|---|---|---|---|---|---|
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| ਲੜੀ ਨੰ. | ਦਾਖਲਾ ਕ੍ਰਮ ਅੰਕ | ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ | ਮਾਤਾ ਦਾ ਨਾਂ | ਵਰਗ ੳ/ ਅ/ ੲ | ਫੀਸਾਂ ਦਾ ਵੇਰਵਾ | | | | | | |
| | | | | | | ਦਾਖਲਾ ਫ਼ੀਸ | ਲੇਟ ਫ਼ੀਸ | ਕਰੈਡਿਟ ਕੈਰੀ ਵਿਸ਼ਾ ਫ਼ੀਸ | ਵਾਧੂ ਵਿਸ਼ਾ ਫ਼ੀਸ | ਰਜਿਸ ਟਰੇਸ਼ਨ ਕੰਟੀ. ਫ਼ੀਸ | ਜੇਕਰ ਫਾਰਮ ਡਾਊਨਲੋਡ ਕੀਤਾ ਤਾਂ ਪ੍ਰੋਸਪੈਕਟਸ ਦੀ ਫ਼ੀਸ | ਕੁੱਲ ਫ਼ੀਸ |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |

| | | | | | | | | | | | | |
|---|---|---|---|---|---|---|---|---|---|---|---|---|
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| ਕੁੱਲ ਜੋੜ | | | | | | | | | | | | |

| ਲੜੀ ਨੰ. | ਦਾਖਲਾ ਕ੍ਰਮ ਅੰਕ | ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ | ਮਾਤਾ ਦਾ ਨਾਂ | ਵਰਗ ੳ/ ਅ/ ੲ | ਫੀਸਾਂ ਦਾ ਵੇਰਵਾ | | | | | | |
|---|---|---|---|---|---|---|---|---|---|---|---|---|
| | | | | | | ਦਾਖਲਾ ਫ਼ੀਸ | ਲੇਟ ਫ਼ੀਸ | ਕਰੈਡਿਟ ਕੈਰੀ ਵਿਸ਼ਾ ਫ਼ੀਸ | ਵਾਧੂ ਵਿਸ਼ਾ ਫ਼ੀਸ | ਰਜਿਸਟਰੇਸ਼ਨ ਕੰਟੀ. ਫ਼ੀਸ | ਜੇਕਰ ਫਾਰਮ ਡਾਊਨਲੋਡ ਕੀਤਾ ਤਾਂ ਪ੍ਰੋਸਪੈਕਟਸ ਦੀ ਫ਼ੀਸ | ਕੁੱਲ ਫ਼ੀਸ |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| ਕੁੱਲ ਜੋੜ | | | | | | | | | | | | |

| ਵਰਗ | ਗਿਣਤੀ | ਫ਼ੀਸ ਰੁਪਏ | ਬਣਦੀ ਫ਼ੀਸ |
|---|---|---|---|
| ਜਨਰਲ ਵਰਗ ਲੜਕੇ | __________ | __________ | __________ |
| ਕੁੱਲ ਲੜਕੀਆਂ | __________ | __________ | __________ |
| ਐਸ.ਸੀ./ਬੀ.ਸੀ./ਅਪੰਗ ਲੜਕੇ | __________ | __________ | __________ |
| ਕੁੱਲ ਵਾਧੂ ਵਿਸ਼ੇ | __________ | __________ | __________ |
| ਕੁੱਲ ਕਰੈਡਿਟ ਕੈਰੀ ਦੇ ਵਿਸ਼ੇ | __________ | __________ | __________ |
| ਰਜਿ. ਕੰਟੀ. | __________ | __________ | __________ |

| | | | |
|---|---|---|---|
| ਨਵੀਂ ਰਜਿਸਟਰੇਸ਼ਨ | ________ | ________ | ________ |
| ਦੂਜੇ ਬੋਰਡ ਤੋਂ ਉਮੀਦਵਾਰ | ________ | ________ | ________ |
| ਕੁੱਲ ਉਮੀਦਵਾਰ | ________ | ________ | ________ |

ਡਿਪੂ ਦਾ ਨਾਂ ________________ਬੋਰਡ ਦੀ ਰਸੀਦ ਨੰਬਰ________ਬੁੱਕ ਨੰਬਰ________ਮਿਤੀ__________ਰਕਮ ________

ਅਧਿਐਨ ਕੇਂਦਰ ਕਲਰਕ ਦੇ ਹਸਤਾਖਰ ਅਧਿਐਨ ਕੇਂਦਰ ਮੁਖੀ ਦੇ ਹਸਤਾਖਰ ਅਤੇ ਦਫਤਰੀ ਮੋਹਰ

**ਖੇਤਰੀ ਦਫਤਰ ਦੀ ਵਰਤੋਂ ਲਈ**

ਡਿਪੂ ਦਾ ਡਾਇਰੀ ਨੰ.................ਮਿਤੀ ਪ੍ਰਾਪਤ ਕਰਤਾ ਦੇ ਪੂਰੇ ਹਸਤਾਖਰ

**ਪ੍ਰੋਫਾਰਮਾ-2**

# ਪੰਜਾਬ ਸਕੂਲ ਸਿੱਖਿਆ ਬੋਰਡ
## ਪੰਜਾਬ ਓਪਨ ਸਕੂਲ
## ਪਾਠ-ਸਮੱਗਰੀ ਪ੍ਰਾਪਤੀ ਫਾਰਮ (ਅਕਾਦਮਿਕ ਸਾਲ 2012-13 ਲਈ)

ਸਕੂਲ ਕੋਡ ਨੰ: _______________ ਜ਼ਿਲ੍ਹਾ ਕੋਡ ਨੰ: _________

ਅਧਿਐਨ ਕੇਂਦਰ ਦਾ ਨਾਂ ਅਤੇ ਪਤਾ ____________________________________________________

ਤਹਿਸੀਲ __________________________________ਜ਼ਿਲ੍ਹਾ____________________________

ਟੈਲੀਫੋਨ ਨੰ: (ਕੋਡ ਸਮੇਤ)____________________ _____ਮੋਬਾਈਲ ਨੰ: ______________________

**ਮੈਟ੍ਰਿਕੁਲੇਸ਼ਨ ਸ਼੍ਰੇਣੀ ਲਈ :**

| ਲੜੀ ਨੰ. | ਵਿਸ਼ਾ | ਪੁਸਤਕਵਾਰ ਗਿਣਤੀ | ਲੜੀ ਨੰ. | ਵਿਸ਼ਾ | ਪੁਸਤਕਵਾਰ ਗਿਣਤੀ |
|---|---|---|---|---|---|
| 1. | ਪੰਜਾਬੀ | | 10. | ਕਟਾਈ ਤੇ ਸਿਲਾਈ | |
| 2. | ਅੰਗਰੇਜ਼ੀ | | 11. | ਖੇਤੀਬਾੜੀ | |
| 3. | ਹਿੰਦੀ | | 12. | ਗ੍ਰਹਿ ਵਿਗਿਆਨ | |
| 4. | ਗਣਿਤ | | 13. | ਸਿਹਤ ਵਿਗਿਆਨ | |
| 5. | ਵਿਗਿਆਨ | | 14. | ਉਰਦੂ | |
| 6. | ਸਮਾਜਿਕ ਸਿੱਖਿਆ | | 15. | ਸੰਸਕ੍ਰਿਤ | |
| 7. | ਕੰਪਿਊਟਰ ਸਾਇੰਸ | | 16. | ਸੰਗੀਤ (ਵਾਦਨ) | |
| 8. | ਸਿਹਤ ਤੇ ਸਰੀਰਕ ਸਿੱਖਿਆ | | 17. | ਸੰਗੀਤ (ਤਬਲਾ) | |
| 9. | ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ | | 18. | ਸੰਗੀਤ (ਗਾਇਨ) | |

**ਬਾਰ੍ਹਵੀਂ ਸ਼੍ਰੇਣੀ (ਹਿਊ. ਗਰੁੱਪ ਲਈ) :**

| ਲੜੀ ਨੰ. | ਵਿਸ਼ਾ | ਪੁਸਤਕਵਾਰ ਗਿਣਤੀ | ਲੜੀ ਨੰ. | ਵਿਸ਼ਾ | ਪੁਸਤਕਵਾਰ ਗਿਣਤੀ |
|---|---|---|---|---|---|
| 1. | ਪੰਜਾਬੀ (ਲਾਜ਼ਮੀ) | | 11. | ਰਾਜਨੀਤੀ ਸ਼ਾਸਤਰ | |
| 2. | ਅੰਗਰੇਜ਼ੀ (ਲਾਜ਼ਮੀ) | | 12. | ਖੇਤੀਬਾੜੀ (ਲਿਖਤੀ ਤੇ ਪ੍ਰਯੋਗੀ) | |
| 3. | ਪੰਜਾਬੀ (ਚੋਣਵੀਂ) | | 13. | ਗ੍ਰਹਿ ਵਿਗਿਆਨ (ਲਿਖਤੀ ਤੇ ਪ੍ਰਯੋਗੀ) | |
| 4. | ਹਿੰਦੀ | | 14. | ਸ਼ਰੀਰਕ ਸਿੱਖਿਆ ਤੇ ਖੇਡਾਂ (ਲਿਖਤੀ ਤੇ ਪ੍ਰਯੋਗੀ) | |

| | | | | | |
|---|---|---|---|---|---|
| 5. | ਧਰਮ | | 15. | ਸੰਗੀਤ (ਗਾਇਨ) ਲਿਖਤੀ ਤੇ ਪ੍ਰਯੋਗੀ | |
| 6. | ਸਮਾਜ ਸ਼ਾਸਤਰ | | 16. | ਸੰਗੀਤ (ਵਾਦਨ) ਲਿਖਤੀ ਤੇ ਪ੍ਰਯੋਗੀ | |
| 7. | ਇਤਿਹਾਸ | | 17. | ਸੰਗੀਤ (ਤਬਲਾ) ਲਿਖਤੀ ਤੇ ਪ੍ਰਯੋਗੀ | |
| 8. | ਅਰਥ ਸ਼ਾਸਤਰ | | 18. | ਕੰਪਿਊਟਰ ਐਪਲੀਕੇਸ਼ਨ (ਲਿਖਤੀ ਤੇ ਪ੍ਰਯੋਗੀ) | |
| 9. | ਗਣਿਤ | | 19. | ਮੀਡੀਆ ਸਟਡੀਜ਼ | |
| 10. | ਭੂਗੋਲ | | | | |

**ਬਾਰ੍ਹਵੀਂ ਸ਼੍ਰੇਣੀ (ਸਾਇੰਸ ਗਰੁੱਪ ਲਈ) :**

| ਲੜੀ ਨੰ. | ਵਿਸ਼ਾ | ਪੁਸਤਕਵਾਰ ਗਿਣਤੀ | ਲੜੀ ਨੰ. | ਵਿਸ਼ਾ | ਪੁਸਤਕਵਾਰ ਗਿਣਤੀ |
|---|---|---|---|---|---|
| 1. | ਭੌਤਿਕ ਵਿਗਿਆਨ | | | | |
| 2. | ਰਸਾਇਣ ਵਿਗਿਆਨ | | | | |
| 3. | ਜੀਵ ਵਿਗਿਆਨ | | | | |
| 4. | ਗਣਿਤ | | | | |

**ਬਾਰ੍ਹਵੀਂ ਸ਼੍ਰੇਣੀ (ਮਿਸ਼ਰਿਤ ਗਰੁੱਪ ਲਈ) :**

| ਲੜੀ ਨੰ. | ਵਿਸ਼ਾ | ਪੁਸਤਕਵਾਰ ਗਿਣਤੀ | ਲੜੀ ਨੰ. | ਵਿਸ਼ਾ | ਪੁਸਤਕਵਾਰ ਗਿਣਤੀ |
|---|---|---|---|---|---|
| 1. | ਪੰਜਾਬੀ (ਚੋਣਵੀਂ) | | 11. | ਗ੍ਰਹਿ ਵਿਗਿਆਨ (ਲਿਖਤੀ ਤੇ ਪ੍ਰਯੋਗੀ) | |
| 2. | ਹਿੰਦੀ | | 12. | ਸ਼ਰੀਰਕ ਸਿੱਖਿਆ ਤੇ ਖੇਡਾਂ (ਲਿਖਤੀ ਤੇ ਪ੍ਰਯੋਗੀ) | |
| 3. | ਧਰਮ | | 13. | ਸੰਗੀਤ (ਗਾਇਨ) ਲਿਖਤੀ ਤੇ ਪ੍ਰਯੋਗੀ | |
| 4. | ਸਮਾਜ ਸ਼ਾਸਤਰ | | 14. | ਸੰਗੀਤ (ਵਾਦਨ) ਲਿਖਤੀ ਤੇ ਪ੍ਰਯੋਗੀ | |
| 5. | ਇਤਿਹਾਸ | | 15. | ਸੰਗੀਤ (ਤਬਲਾ) ਲਿਖਤੀ ਤੇ ਪ੍ਰਯੋਗੀ | |
| 6. | ਅਰਥ ਸ਼ਾਸਤਰ | | 16. | ਕੰਪਿਊਟਰ ਐਪਲੀਕੇਸ਼ਨ | |

| | | | | | |
|---|---|---|---|---|---|
| | | | | (ਲਿਖਤੀ ਤੇ ਪ੍ਰਯੋਗੀ) | |
| 7. | ਗਣਿਤ | | 17. | ਮੀਡੀਆ ਸਟੱਡੀਜ਼ | |
| 8. | ਭੂਗੋਲ | | 18. | ਭੌਤਿਕ ਵਿਗਿਆਨ | |
| 9. | ਰਾਜਨੀਤੀ ਸ਼ਾਸਤਰ | | 19. | ਰਸਾਇਣ ਵਿਗਿਆਨ | |
| 10. | ਖੇਤੀਬਾੜੀ (ਲਿਖਤੀ ਤੇ ਪ੍ਰਯੋਗੀ) | | 20. | ਜੀਵ ਵਿਗਿਆਨ | |

**ਬਾਰ੍ਹਵੀਂ ਸ਼੍ਰੇਣੀ (ਕਾਮਰਸ ਗਰੁੱਪ ਲਈ) :**

| ਲੜੀ ਨੰ. | ਵਿਸ਼ਾ | ਪੁਸਤਕਵਾਰ ਗਿਣਤੀ | ਲੜੀ ਨੰ. | ਵਿਸ਼ਾ | ਪੁਸਤਕਵਾਰ ਗਿਣਤੀ |
|---|---|---|---|---|---|
| 1. | ਪੰਜਾਬੀ (ਲਾਜ਼ਮੀਂ) | | 4. | ਅਕਾਊਂਟੈਂਸੀ-11 | |
| 2. | ਅੰਗਰੇਜ਼ੀ (ਲਾਜ਼ਮੀਂ) | | 5. | ਬਿਜ਼ਨਸ ਇਕਨੌਮਿਕਸ ਐਂਡ ਕੁਆਂਟੀਟੇਟਿਵ ਮੈਥਡਜ਼ | |
| 3. | ਬਿਜ਼ਨਸ ਸਟੱਡੀਜ਼-11 | | 6. | ਫੰਡਾਮੈਂਟਲਜ਼ ਆਫ ਈ-ਬਿਜ਼ਨਸ | |

ਪੁਸਤਕਵਾਰ ਗਿਣਤੀ ਅਧਿਐਨ ਕੇਂਦਰ ਵਿੱਚ ਇਸ ਸੈਸ਼ਨ ਦੌਰਾਨ ਦਾਖਲ ਹੋਏ ਵਿਦਿਆਰਥੀਆਂ ਦੇ ਅਨੁਸਾਰ ਭਰਨੀ ਹੈ। ਗਲਤ ਗਿਣਤੀ ਦਰਜ ਕਰਕੇ ਪਾਠ-ਸਮੱਗਰੀ ਪ੍ਰਾਪਤ ਕਰਨ ਤੇ ਅਧਿਐਨ ਕੇਂਦਰ ਨਿਯਮਾਂ ਅਨੁਸਾਰ ਬਣਦੀ ਸਜ਼ਾ ਦਾ ਜ਼ਿੰਮੇਵਾਰ ਹੋਵੇਗਾ।

ਕਰੈਡਿਟ ਕੈਰੀ ਵਾਲੇ ਵਿਸ਼ਿਆਂ ਦੀਆਂ ਪੁਸਤਕਾਂ ਨਹੀਂ ਲਈਆਂ ਗਈਆਂ।

ਅਧਿਐਨ ਕੇਂਦਰ ਕਲਰਕ ਦੇ ਹਸਤਾਖਰ

ਅਧਿਐਨ ਕੇਂਦਰ ਮੁਖੀ ਦੇ ਹਸਤਾਖਰ ਮੋਹਰ ਸਹਿਤ

ਤਸਦੀਕ ਕੀਤਾ ਜਾਂਦਾ ਹੈ ਕਿ ਅਧਿਐਨ ਕੇਂਦਰ ਨੇ ਉਪਰੋਕਤ ਵੇਰਵੇ ਅਨੁਸਾਰ ਪਾਠ-ਸਮੱਗਰੀ ਮਿਤੀ .................. ਨੂੰ ਪ੍ਰਾਪਤ ਕਰ ਲਈ ਹੈ।

ਮਿਤੀ : ਮੈਨੇਜਰ, ਖੇਤਰੀ ਦਫਤਰ, ਪਜਾਬ ਸਕੂਲ ਸਿੱਖਿਆ ਬੋਰਡ ਦੇ

ਸਥਾਨ : ਹਸਤਾਖਰ ਦਫਤਰੀ ਮੋਹਰ ਸਮੇਤ

**ਪ੍ਰੋਫਾਰਮਾ-3**

# ਪੰਜਾਬ ਸਕੂਲ ਸਿੱਖਿਆ ਬੋਰਡ

## ਪੰਜਾਬ ਓਪਨ ਸਕੂਲ

### ਪਾਠ ਸਮੱਗਰੀ ਵੰਡ ਸਰਟੀਫ਼ਿਕੇਟ (ਅਕਾਦਮਿਕ ਸਾਲ 2012-13 ਲਈ)

ਸਕੂਲ ਕੋਡ ਨੰ: ______________ ਜ਼ਿਲ੍ਹਾ ਕੋਡ ਨੰ: ___________

ਸ਼੍ਰੇਣੀ : ______________ ਮਿਤੀ : ______________

ਸੈਸ਼ਨ : ________________

1. ਅਧਿਐਨ ਕੇਂਦਰ ਦਾ ਨਾਂ ਅਤੇ ਪਤਾ ________________________________________________

   ਤਹਿਸੀਲ __________________________________ਜ਼ਿਲ੍ਹਾ__________________________

   ਟੈਲੀਫੋਨ ਨੰ: (ਕੋਡ ਸਮੇਤ)_________________ _____ਮੋਬਾਈਲ ਨੰ: ______________________

2. ਤਸਦੀਕ ਕੀਤਾ ਜਾਂਦਾ ਹੈ ਕਿ ਬੋਰਡ ਪਾਸੋਂ ਦਾਖਲ ਹੋਏ ਵਿਦਿਆਰਥੀਆਂ ਦੇ ਪ੍ਰੀਖਿਆ ਵਿਸ਼ਿਆਂ ਅਨੁਸਾਰ ਪ੍ਰਾਪਤ ਕੀਤੀ ਪਾਠ-ਸਮੱਗਰੀ ਦੀ ਵੰਡ ਅਧਿਐਨ ਕੇਂਦਰ ਵਿੱਚ ਦਾਖਲ ਹੋਏ ਸਾਰੇ ਵਿਦਿਆਰਥੀਆਂ ਨੂੰ ਕਰ ਦਿੱਤੀ ਗਈ ਹੈ। ਇਸ ਵੰਡ ਦਾ ਵਿਦਿਆਰਥੀ-ਵਾਰ ਰਿਕਾਰਡ ਇੱਕ ਵੱਖਰੇ ਰਜਿਸਟਰ ਵਿਚ ਦਰਜ ਕਰ ਲਿਆ ਹੈ।

ਸਕੂਲ ਕਲਰਕ ਦੇ ਹਸਤਾਖਰ

ਅਧਿਐਨ ਕੇਂਦਰ ਮੁਖੀ ਦੇ ਹਸਤਾਖਰ

(ਮੋਹਰ ਸਮੇਤ ਹਸਤਾਖਰ ਕੀਤੇ ਜਾਣ)

**ਪ੍ਰੋਫਾਰਮਾ–4**

# ਪੰਜਾਬ ਸਕੂਲ ਸਿੱਖਿਆ ਬੋਰਡ

## ਪੰਜਾਬ ਓਪਨ ਸਕੂਲ

### ਅਯੋਗ ਵਿਦਿਆਰਥੀ ਫਾਰਮ (ਅਕਾਦਮਿਕ ਸਾਲ 2012-13 ਲਈ)

ਸਕੂਲ ਕੋਡ ਨੰ: ______________ ਜ਼ਿਲ੍ਹਾ ਕੋਡ ਨੰ: ___________

ਸ਼੍ਰੇਣੀ : ______________ ਮਿਤੀ : _______________

1. ਅਧਿਐਨ ਕੇਂਦਰ ਦਾ ਨਾਂ ਅਤੇ ਪਤਾ ________________________________________________

ਤਹਿਸੀਲ __________________________________ਜ਼ਿਲ੍ਹਾ___________________________

ਟੈਲੀਫੋਨ ਨੰ: (ਕੋਡ ਸਮੇਤ)__________________ _____ਮੋਬਾਈਲ ਨੰ: _______________________

2. ਦਾਖਲ ਹੋਏ ਪਰ ਪ੍ਰੀਖਿਆ ਫੀਸ ਨਾ ਭੇਜਣ ਵਾਲੇ, ਪੀ.ਸੀ.ਪੀ. ਦੌਰਾਨ ਹਾਜ਼ਰੀ ਅਤੇ ਮੁਲਾਂਕਣ ਪੱਤਰ ਸੰਬੰਧੀ ਸ਼ਰਤ ਨਾ ਪੂਰੀ ਕਰਨ ਵਾਲੇ ਅਯੋਗ ਵਿਦਿਆਰਥੀ :–

| **ਲੜੀ ਨੰ.** | **ਨਾਂ** | **ਪਿਤਾ ਦਾ ਨਾਂ** | **ਮਾਤਾ ਦਾ ਨਾਂ** | **ਕਾਰਨ** |
|---|---|---|---|---|
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |

ਸਕੂਲ ਕਲਰਕ ਦੇ ਹਸਤਾਖਰ ਅਧਿਐਨ ਕੇਂਦਰ ਮੁਖੀ ਦੇ ਹਸਤਾਖਰ

**ਨੋਟ :** ਹਰੇਕ ਸ਼੍ਰੇਣੀ/ਗਰੁੱਪ ਲਈ ਵੱਖਰਾ ਵੱਖਰਾ ਫਾਰਮ ਭਰਿਆ ਜਾਵੇ। (ਮੋਹਰ ਸਮੇਤ ਹਸਤਾਖਰ ਕੀਤੇ ਜਾਣ)

**ਪ੍ਰੋਫਾਰਮਾ-5**

# ਪੰਜਾਬ ਸਕੂਲ ਸਿੱਖਿਆ ਬੋਰਡ

## ਪੰਜਾਬ ਓਪਨ ਸਕੂਲ

### ਸੇਵਾਫਲ ਅਦਾਇਗੀ ਫਾਰਮ (ਅਕਾਦਮਿਕ ਸਾਲ 2012-13 ਲਈ)

ਸਕੂਲ ਕੋਡ ਨੰ: ______________ (ਅਕਾਦਮਿਕ ਸਾਲ ________ ਲਈ) ਜ਼ਿਲ੍ਹਾ ਕੋਡ ਨੰ: ________

ਅਧਿਐਨ ਕੇਂਦਰ ਦਾ ਨਾਂ __________________________________________ __________________________

ਤਹਿਸੀਲ ________________________ਜ਼ਿਲ੍ਹਾ_____________________________ ਸ਼੍ਰੇਣੀ _________________

ਤਸਦੀਕ ਕੀਤਾ ਜਾਂਦਾ ਹੈ ਕਿ ਓਪਨ ਸਕੂਲ ਸਕੀਮ ਅਧੀਨ ਸੈਸ਼ਨ _______________ ਸ਼੍ਰੇਣੀ _______________ ਵਿੱਚ _______________ ਵਿਦਿਆਰਥੀਆਂ ਨੇ ਦਾਖਲਾ ਲਿਆ। ਬੋਰਡ ਵੱਲੋਂ ਸਮੇਂ ਸਿਰ ਪ੍ਰਾਪਤ ਹੋਈਆਂ ਹਦਾਇਤਾਂ/ਸੌਂਪੇ ਕਾਰਜਾਂ ਅਨੁਸਾਰ ਇਨ੍ਹਾਂ ਵਿੱਚ ________ ਵਿਦਿਆਰਥੀਆਂ ਨੂੰ ਹੇਠ ਦਰਸਾਈਆਂ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ:-

| | | |
|---|---|---|
| 1. | ਵਿਦਿਆਰਥੀਆਂ ਨੂੰ ਪਾਠ ਸਮੱਗਰੀ ਦੀ ਵੰਡ ਕੀਤੀ ਗਈ | ਹਾਂ/ਨਹੀਂ |
| 2. | ਵਿਦਿਆਰਥੀਆਂ ਲਈ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.) ਆਯੋਜਤ ਕੀਤੇ ਗਏ | ਹਾਂ/ਨਹੀਂ |
| 3. | ਵਿਦਿਆਰਥੀਆਂ ਦੀਆਂ ਹਾਜ਼ਰੀਆਂ ਦਾ ਵਿਸ਼ਾਵਾਰ ਰਿਕਾਰਡ ਰੱਖਿਆ ਗਿਆ ਹੈ। | ਹਾਂ/ਨਹੀਂ |
| 4. | ਅਧਿਆਪਕਾਂ ਦੇ ਹਾਜ਼ਰੀ ਰਜਿਸਟਰ ਦਾ ਰਿਕਾਰਡ | ਹਾਂ/ਨਹੀਂ |
| 5. | ਟਾਈਮ ਟੇਬਲ ਦਾ ਰਿਕਾਰਡ | ਹਾਂ/ਨਹੀਂ |
| 6. | ਮੁਲਾਂਕਣ ਪੱਤਰ ਦਾ ਰਿਕਾਰਡ | ਹਾਂ/ਨਹੀਂ |
| 7. | ਆਂਤਰਿਕ ਮੁਲਾਂਕਣ ਟੈਸਟ ਦਾ ਰਿਕਾਰਡ | ਹਾਂ/ਨਹੀਂ |

ਤਸਦੀਕ ਕੀਤਾ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਉੱਪਰ ਦੱਸੇ ਅਨੁਸਾਰ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਰਿਕਾਰਡ ਦੀਆਂ ਤਸਦੀਕ-ਸ਼ੁਦਾ ਕਾਪੀਆਂ ਨਾਲ ਨੱਥੀ ਹਨ। ਹੇਠ ਦੱਸੇ ਅਨੁਸਾਰ ਬਣਦੀ ਅਦਾਇਗੀ ਕੀਤੀ ਜਾਵੇ:-

1. ਦਾਖਲ ਹੋਏ ਵਿਦਿਆਰਥੀਆਂ ਦੀ ਗਿਣਤੀ : ________
2. ਰੱਦ ਹੋਏ ਵਿਦਿਆਰਥੀਆਂ ਦੀ ਗਿਣਤੀ : ________
3. ਸੇਵਾਵਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀ : ________
4. ਬਣਦੀ ਕੁੱਲ ਰਕਮ (ਮੈਟ੍ਰਿਕ ਲਈ 200/- ਰੁ: ਬਾਰ੍ਹਵੀਂ ਲਈ 250/- ਰੁ: ________
   ਪ੍ਰਤੀ ਵਿਦਿਆਰਥੀ ਅਨੁਸਾਰ (ਅੰਕਾਂ ਵਿੱਚ) :
   (ਸ਼ਬਦਾਂ ਵਿੱਚ) :

ਮੁੜ ਤਸਦੀਕ ਕੀਤਾ ਜਾਂਦਾ ਹੈ ਕਿ ਇਹ ਅਦਾਇਗੀ ਨਿਯਮਾਂ ਅਨੁਸਾਰ ਹੀ ਕਲੇਮ ਕੀਤੀ ਜਾ ਰਹੀ ਹੈ।

ਮਿਤੀ : ਸੰਬੰਧਿਤ ਅਧਿਐਨ ਕੇਂਦਰ ਦੇ ਪ੍ਰਿੰਸੀਪਲ/ਹੈਡਮਾਸਟਰ/
ਸਥਾਨ : ਕੋ-ਆਰਡੀਨੇਟਰ ਦੇ ਹਸਤਾਖਰ, ਮੋਹਰ, ਸਮੇਤ ਰਸੀਦੀ ਟਿਕਟ।

---

## ਦਫ਼ਤਰੀ ਵਰਤੋਂ ਲਈ

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਕੀਤੇ ਕਲੇਮ ਵਿੱਚੋਂ ________ ਵਿਦਿਆਰਥੀਆਂ ਦੀ ਅਦਾਇਗੀ ਕਰਨੀ ਨਹੀਂ ਬਣਦੀ ਇਸ ਲਈ ________ ਰੁਪਏ ਦੀ ਕਟੌਤੀ ਕਰ ਲਈ ਗਈ ਹੈ। ਬਾਕੀ ________ ਰੁਪਏ ਦੀ ਅਦਾਇਗੀ ਕਰਨ ਲਈ ਸਿਫਾਰਸ਼ ਕੀਤੀ ਜਾਂਦੀ ਹੈ।

ਸੰਬੰਧਿਤ ਕਰਮਚਾਰੀ/ਅਧਿਕਾਰੀ (ਓਪਨ ਸਕੂਲ) ਸੁਪਰਡੈਂਟ (ਓਪਨ ਸਕੂਲ) ਉਪ ਡਾਇਰੈਕਟਰ (ਓਪਨ ਸਕੂਲ)

**ਪ੍ਰੋਫਾਰਮਾ-6**

# ਪੰਜਾਬ ਸਕੂਲ ਸਿੱਖਿਆ ਬੋਰਡ

## ਪੰਜਾਬ ਓਪਨ ਸਕੂਲ

ਸਕੂਲ ਕੋਡ ਨੰ: ______________ (ਅਕਾਦਮਿਕ ਸਾਲ ________ ਲਈ) ਜ਼ਿਲ੍ਹਾ ਕੋਡ ਨੰ: ________

ਅਧਿਐਨ ਕੇਂਦਰ ਮੁਖੀ ਦੇ ਨਮੂਨੇ ਦੇ ਹਸਤਾਖਰ

ਵਿਦਿਆਰਥੀ, ਅਧਿਆਪਕ ਅਤੇ ਮਾਪੇ ਪੰਜਾਬ ਓਪਨ ਸਕੂਲ ਨਾਲ ਸੰਪਰਕ ਕੇਵਲ ਐਕਰੀਡਿਟਿਡ ਅਧਿਐਨ ਕੇਂਦਰ ਮੁਖੀ ਰਾਹੀਂ ਹੀ ਕਰ ਸਕਦੇ ਹਨ। ਪੰਜਾਬ ਓਪਨ ਸਕੂਲ ਵੀ ਲੋੜੀਂਦੀ ਸੂਚਨਾ ਅਧਿਐਨ ਕੇਂਦਰ ਰਾਹੀਂ ਵਿਦਿਆਰਥੀਆਂ ਤੱਕ ਪਹੁੰਚਾਉਂਦਾ ਹੈ। ਇਸ ਲਈ ਅਧਿਐਨ ਕੇਂਦਰ ਮੁਖੀ ਦੇ ਹਸਤਾਖਰ ਅਤੇ ਵਰਤੀ ਜਾਂਦੀ ਮੋਹਰ ਅਹਿਮ ਮਹੱਤਵ ਰੱਖਦੀ ਹੈ। ਹੇਠ ਦਿੱਤੇ ਖਾਨਿਆਂ ਵਿੱਚ ਸਕੂਲ ਮੁਖੀ ਸ਼ਨਾਖਤ ਹਿੱਤ ਨਮੂਨੇ ਦੇ ਹਸਤਾਖਰ ਅਤੇ ਦਫ਼ਤਰੀ ਮੋਹਰ ਦਾ ਨਿਸ਼ਾਨ ਭੇਜਣ।

1. ਅਧਿਐਨ ਕੇਂਦਰ ਦਾ ਨਾਂ ____________________________________________
   ਤਹਿਸੀਲ _______________ਜ਼ਿਲ੍ਹਾ____________ਫੋਨ ਨੰ. (ਕੋਡ ਸਮੇਤ)____________
2. ਅਧਿਐਨ ਕੇਂਦਰ ਮੁਖੀ ਦਾ ਨਾਂ ____________________________________________
   ਘਰ ਦਾ ਪਤਾ ____________________________________________
   ਟੈਲੀਫੋਨ ਨੰ: (ਕੋਡ ਸਮੇਤ)________________ ______ਮੋਬਾਈਲ ਨੰ: ________________
3. ਨਮੂਨੇ ਦੇ ਹਸਤਾਖਰ ਦਫਤਰੀ ਮੋਹਰ ਸਮੇਤ :

| ਪੰਜਾਬੀ ਵਿੱਚ | ਅੰਗਰੇਜ਼ੀ ਵਿੱਚ |
|---|---|
| | |

ਪਾਸ-ਪੋਰਟ ਆਕਾਰ ਦੀ ਫੋਟੋ

ਤਸਦੀਕ ਕਰਤਾ/ਸਕੂਲ ਕਮੇਟੀ ਦੇ ਮੁਖੀ/ਮੈਨੇਜਰ)

ਟੈਲੀਫੋਨ : ______________ ਸਕੂਲ ਮੈਨੇਜਿੰਗ ਕਮੇਟੀ ਦੇ ਪ੍ਰਧਾਨ/ਮੈਨੇਜਰ ਦੇ ਹਸਤਾਖਰ, ਮੋਹਰ ਸਮੇਤ

**ਨੋਟ :** ਜਦ ਵੀ ਸਕੂਲ ਦੀ ਪ੍ਰਬੰਧਕੀ ਕਮੇਟੀ ਵਲੋਂ ਸਕੂਲ ਮੁਖੀ ਦੀ ਨਵੀਂ ਨਿਯੁਕਤੀ ਕੀਤੀ ਜਾਂਦੀ ਹੈ, ਇਹ ਫਾਰਮ ਭਰ ਕੇ ਨਵੇਂ ਵੇਰਵਿਆਂ ਸਹਿਤ ਸੂਚਨਾ ਭੇਜੀ ਜਾਵੇ।

## ਦਾਖਲਾ ਕਰਤਾ ਅਧਿਐਨ ਕੇਂਦਰ ਲਈ ਸੁਝਾਅ

ਦਾਖਲਾ ਕਰਨ ਤੋਂ ਪਹਿਲਾਂ ਹੇਠ ਲਿਖੇ ਤੱਥਾਂ ਦੀ ਪੜਤਾਲ ਕਰ ਲਈ ਜਾਵੇ :-

ੳ. ਕੀ ਵਿਦਿਆਰਥੀ ਨੇ ਤੁਹਾਡੇ ਸਾਹਮਣੇ ਦਾਖਲਾ ਫਾਰਮ ਤੇ ਹਸਤਾਖਰ ਕੀਤੇ ਹਨ।

ਅ. ਕੀ ਫਾਰਮ ਵਿਚ ਭਰੇ ਸਾਰੇ ਤੱਥ ਠੀਕ ਹਨ ਅਤੇ ਤੁਸੀਂ ਉਹਨਾ ਦੀ ਪੂਰੀ ਤਸੱਲੀ ਕਰ ਲਈ ਹੈ।

ੲ. ਵਿਦਿਆਰਥੀ ਉਸੇ ਤਹਿਸੀਲ ਦਾ ਵਸਨੀਕ ਹੈ ਜਿਸ ਤਹਿਸੀਲ ਵਿਚ ਤੁਹਾਡਾ ਅਧਿਐਨ ਕੇਂਦਰ ਸਥਿਤ ਹੈ।

ਸ. ਤਸਦੀਕ ਕਰਤਾ ਦੇ ਹਸਤਾਖਰਾਂ ਦਾ ਕੁਝ ਹਿੱਸਾ ਫੋਟੋ' ਤੇ ਅਤੇ ਕੁਝ ਫਾਰਮ ਤੇ ਆਵੇ।

ੲ. ਜਨਮ ਮਿਤੀ ਦੇ ਸਰਟੀਫ਼ਿਕੇਟ ਦੀ ਪੜਤਾਲ ਵਿਸ਼ੇਸ਼ ਤੌਰ ਤੇ ਕੀਤੀ ਜਾਵੇ। ਜਨਮ ਮਿਤੀ ਦੇ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਦਾਖਲਾ ਫਾਰਮ ਨਾਲ ਜ਼ਰੂਰ ਲਗਾਈ ਜਾਵੇ।

ਕ. ਦਾਖਲਾ ਕਰਨ ਤੋਂ ਪਹਿਲਾਂ ਇਸ ਗੱਲ ਵੱਲ ਧਿਆਨ ਦਿੱਤਾ ਜਾਵੇ ਕਿ ਉਹਨਾਂ ਵਲੋਂ ਪ੍ਰਮਾਣਿਤ ਕੀਤੇ ਤੱਥਾਂ ਦੇ ਆਧਾਰ ਤੇ ਵਿਦਿਆਰਥੀ ਨੂੰ ਦਾਖਲਾ ਦਿਤਾ ਜਾਣਾ ਹੈ। ਯੋਗਤਾ ਸੰਬੰਧੀ ਕਿਸੇ ਤਰ੍ਹਾਂ ਦੀ ਗਲਤ ਬਿਆਨੀ ਵਿਦਿਆਰਥੀ, ਸਮਾਜ ਅਤੇ ਓਪਨ ਸਕੂਲ ਦੇ ਉਦੇਸ਼ ਨੂੰ ਢਾਅ ਲਾ ਸਕਦੀ ਹੈ।

## ਚੈੱਕ ਲਿਸਟ

1. ਦਾਖਲਾ ਫਾਰਮ (ਪ੍ਰੋਫਾਰਮਾ ਨੰ. 1) ਦੋ ਪਰਤਾਂ ਵਿੱਚ
2. ਫੀਸ ਦੀ ਰਸੀਦ
3. ਪਾਠ ਸਮੱਗਰੀ ਪ੍ਰਾਪਤੀ ਫਾਰਮ ਪ੍ਰੋਫਾਰਮਾ ਨੰ. 2 (ਦੋ ਪਰਤਾਂ ਵਿੱਚ)
4. ਬਾਹਰਲੀ ਤਹਿਸੀਲ ਤੋਂ ਦਾਖਲ ਕੀਤੇ ਵਿਦਿਆਰਥੀਆਂ ਦੀ ਸੂਚੀ।

ਇਸ ਪ੍ਰਣਾਲੀ ਸੰਬੰਧੀ ਜੇਕਰ ਵਧੇਰੇ ਜਾਣਕਾਰੀ ਲੈਣੀ ਹੋਵੇ ਤਾਂ ਦਫ਼ਤਰੀ ਕੰਮ-ਕਾਜ ਵਾਲੇ ਦਿਨ ਦਫ਼ਤਰੀ ਸਮੇਂ ਵਿੱਚ ਨਿਜੀ ਤੌਰ 'ਤੇ ਜਾਂ ਡਾਕ ਰਾਹੀਂ ਨਿਮਨ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਓਮ ਪ੍ਰਕਾਸ਼ ਸੋਨੀ
ਸੰਯੁਕਤ ਸਕੱਤਰ
ਫੋਨ : 0172-3047382

ਪਰਮਜੀਤ ਕੌਰ
ਡਿਪਟੀ ਡਾਇਰੈਕਟਰ
ਫੋਨ : 0172-3047385

ਰਵਿੰਦਰ ਕੌਰ ਬਨਵੈਤ
ਪ੍ਰੋਜੈਕਟ ਅਫਸਰ
ਫੋਨ : 0172-3070856

ਸੁਰਿੰਦਰ ਪਾਲ ਸਿੰਘ
ਸੁਪਰਡੈਂਟ
ਫੋਨ : 0172-3047386